INTERNATIONAL MAGAZINE

RNI No. 61816/95

Postal Regd. No. CHD/0081/2024-26

30/-

Date of Publishing : 19/09/2026
Page No. from 1 to 60
Date of posting
Last Date of Every Month
Posted by MBU

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

ਇਕੋ ਬ੍ਰਹਮੁ ਦੁਤੀਯ ਨਾਸਿਤ

ਆਤਮ ਮਾਰਗ

ਅਕਤੂਬਰ
(October)
2026





ਸਤਿਕਾਰਯੋਗ ਮਾਤਾ (ਬੀਜੀ) ਰਣਜੀਤ ਕੌਰ ਜੀ ਰਤਵਾੜਾ ਸਾਹਿਬ
(8 ਅਗਸਤ 1918 – 1 ਨਵੰਬਰ 2013)

13ਵਾਂ ਨਿੱਘੀ ਯਾਦ ਸਮਾਗਮ
1 ਨਵੰਬਰ 2026

ਸੰਤ ਬਾਬਾ ਵਰਿਆਮ ਸਿੰਘ ਜੀ
(17 ਜੂਨ 1918 – 31 ਅਕਤੂਬਰ 2001)

25ਵਾਂ ਨਿੱਘੀ ਯਾਦ ਸਮਾਗਮ
31 ਅਕਤੂਬਰ 2026

ਮਹਾਨ ਗੁਰਮਤਿ ਰੂਹਾਨੀ ਸਮਾਗਮ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

30-31 ਅਕਤੂਬਰ

1-2 ਨਵੰਬਰ

ਪ੍ਰਾਰਥਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

ਆਤਮ ਮਾਰਗ

ਸਾਲ-ਬੱਤੀਵਾਂ, ਮਹੀਨਾ-ਅਕਤੂਬਰ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

ਚੇਅਰਮੈਨ — ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ (ਡਾ.) ਸੁਖਵਿੰਦਰ ਸਿੰਘ

Media Broadcast (Ratwara Sahib)
Please visit us on internet at :-
For Atam Marg Email : atammarg1@yahoo.co.in,
Website & Live video -
https:gurdwaraisherprakashratwarasahib.com
www.ratwarasahib.org, www.ratwarasahib.com
www.vgrmct.org
Apps: RATWARASAHIB TV, (for both apple & andriod)
(Availeble 24 Hours)
Live Programme & Cable Tv Network
98728-14385, 94172-14385, 98147-12900

Registration Under Foreign Contribution
(Regulation) Act 1976 R. No. 115320023

Postal Address for any Enquiry,
Money Order, Cheque and Drafts :
'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ (20 ਸਾਲ)	ਫੀ ਕਾਪੀ
300/-	3000/	30/-
320/-	3020/-	(For outstation cheques)

SUBSCRIPTION FOREIGN (ਵਿਦੇਸ਼)

Annual	Life (20 years)
4500/-	45000/-

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਮੈਗਜ਼ੀਨ ਸਬੰਧੀ ਫੋਨ

15 ਤਾਰੀਖ ਤੱਕ

94172-14391
94172-14379
84378-12900

ਨਾ ਮਿਲਣ 'ਤੇ

ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ
ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ
ਫਰੀ ਸੇਵਾ - ਸੰਪਰਕ ਨੰਬਰ -
94172-14378, 94172-14384

ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ ਨੰਬਰ

1. ਆਤਮ ਮਾਰਗ
9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪ.ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 95922-12900
6. ਬੀ.ਐਡ. ਕਾਲਜ (ਪ੍ਰਿੰਸੀਪਲ) 78888-40565
7. ਨਰਸਿੰਗ ਸਕੂਲ (ਪ੍ਰਿੰਸੀਪਲ) 79862-35675
8. ਬਿਰਧ ਆਸ਼ਰਮ 98157-28220

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900
98889-10777, 96461-01996, 94172-14381

ਤੱਤਕਰਾ

1. ਸੰਪਾਦਕੀ 5
ਭਾਈ (ਡਾ.) ਸੁਖਵਿੰਦਰ ਸਿੰਘ

2. ਬਾਰਹ ਮਾਹਾ 9
ਭਾਈ (ਡਾ.) ਸੁਖਵਿੰਦਰ ਸਿੰਘ

3. ਚਉਥੈ ਪਹਰਿ ਸਬਾਹ ਕੈ.....॥ 12
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

4. ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਭਾਈ ਧਿੰਗ ਨੂੰ ਉਪਦੇਸ਼ 18
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

5. ਸ੍ਰੀ ਗੁਰੂ ਨਾਨਕ ਦੇਵ ਜੀ 25
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

6. ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ 37
ਸੰਤ ਬਾਬਾ ਲਖਬੀਰ ਸਿੰਘ ਜੀ

7. ਬਾਰੰ ਬਾਰ ਬਾਰ ਪ੍ਰਭੁ ਜਪੀਐ ॥ 43
ਸੰਤ ਬਾਬਾ ਹਰਪਾਲ ਸਿੰਘ ਜੀ

8. ਗੁਰਬਾਣੀ ਅਰਥ ਭੰਡਾਰ 47
ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ

9. ਜਨ ਪਰਉਪਕਾਰੀ ਆਏ - ਭਾਗ 4 49
ਪ੍ਰੋ. ਗੁਰਦੇਵ ਸਿੰਘ

10. ਈਸ਼੍ਵਰ ਅਮੋਲਕ ਲਾਲ 51
ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

11. ਗੁਰੂ ਨਾਨਕ ਆਗਮਨ 53
ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ

12. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

ਸੰਪਾਦਕੀ

ਭਾਈ (ਡਾ.) ਸੁਖਵਿੰਦਰ ਸਿੰਘ
ਮੈਨੇਜਿੰਗ ਐਡੀਟਰ

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥
ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥
ਅੰਗ – ੨੫੨

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥

ਅੰਗ – ੫੨੦

ਸੰਸਾਰ ਮੰਚ ਉਤੇ ਸਮੇਂ-ਸਮੇਂ ਸਿਰ ਐਸੀਆਂ ਪਵਿੱਤਰ ਰੂਹਾਂ ਦਾ ਆਗਮਨ ਹੋਇਆ ਜਿਨ੍ਹਾਂ ਨੇ ਭੁੱਲੇ-ਭਟਕੇ ਜੀਵਾਂ ਨੂੰ ਸਤਿ ਦਾ ਰਾਹ ਦਿਖਾਇਆ। ਉਨ੍ਹਾਂ ਵਲੋਂ ਦਰਸਾਏ ਸਤਿ ਦੇ ਮਾਰਗ 'ਤੇ ਚੱਲ ਕੇ ਸਦੀਆਂ ਤੱਕ ਲੋਕਾਈ ਦਾ ਭਲਾ ਹੁੰਦਾ ਰਹਿੰਦਾ ਹੈ। ਅਗਿਆਨ ਦੇ ਹਨ੍ਹੇਰੇ ਨੂੰ ਖਤਮ ਕਰਕੇ ਗਿਆਨ ਦਾ ਪ੍ਰਕਾਸ਼ ਕਰਨਾ ਉਨ੍ਹਾਂ ਪਵਿੱਤਰ ਆਤਮਾਵਾਂ ਦਾ ਮੁੱਖ ਮੰਤਵ ਹੁੰਦਾ ਹੈ। ਜਨਮਾਂ-ਜਨਮਾਂ ਦੀ ਕੀਤੀ ਘਾਲ ਕਮਾਈ ਅਤੇ ਤਪੱਸਿਆ ਦੇ ਫਲਸਰੂਪ ਉਹ ਸੰਤ ਜਨ, ਲੱਖਾਂ ਪ੍ਰਾਣੀਆਂ ਨੂੰ ਨਾਮ-ਬਾਣੀ ਦੇ ਅਧਾਰ 'ਤੇ ਭਵਸਾਗਰ ਤੋਂ ਪਾਰ ਕਰਾਉਣ ਦੇ ਸਮਰੱਥ ਹੁੰਦੇ ਹਨ। ਇਹੋ ਜਿਹੀਆਂ ਬਖਸ਼ੀਆਂ ਰੂਹਾਂ ਬਾਰੇ ਪਵਿੱਤਰ ਗੁਰਬਾਣੀ ਦਾ ਫੁਰਮਾਨ ਹੈ ਕਿ ਐਸੀਆਂ ਪਵਿੱਤਰ ਰੂਹਾਂ ਨੂੰ ਮਿਲ ਕੇ ਦੁਰਮਤਿ ਭਾਵ ਖੋਟੀ ਮੱਤ ਦਾ ਨਾਸ਼ ਹੋ ਜਾਂਦਾ ਹੈ। ਪਰ ਮੁਸ਼ਕਿਲ ਤਾਂ ਇਹ ਹੈ ਕਿ ਇਹ ਵਿਰਲੇ ਹੀ ਹੋਇਆ ਕਰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ –

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥
ਅੰਗ – ੧੪੧੧
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥
ਅੰਗ – ੧੪੨੭
ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥
ਅੰਗ – ੫੧੭

ਗੁਰਬਾਣੀ ਦੇ ਪਵਿੱਤਰ ਮਹਾਂਵਾਕਾਂ ਤੋਂ ਇਹ ਪੁਸ਼ਟੀ ਹੋ ਜਾਂਦੀ ਹੈ ਕਿ ਸਤਿ ਨਾਲ ਜੁੜੇ ਹੋਏ ਰੱਬ ਦੇ ਪਿਆਰੇ ਵਿਰਲੇ, ਟਾਵੇਂ ਹੀ ਹੁੰਦੇ ਹਨ। ਇਨ੍ਹਾਂ ਦਾ ਮਿਲਾਪ ਪੂਰਬਲੇ ਕੀਤੇ ਹੋਏ ਪੁੰਨ ਕਰਮਾਂ ਸਦਕਾ ਹੀ ਹੁੰਦਾ ਹੈ ਅਤੇ ਸਮਾਂ ਆਉਣ ਤੇ ਰਸਿਕ ਬੈਰਾਗੀ ਦਾ ਮਿਲਾਪ ਸੁਭਾਵਕ ਹੀ ਹੋ ਜਾਂਦਾ ਹੈ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ ॥ *ਅੰਗ – ੨੦੪*

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ ॥ *ਅੰਗ- ੬੪੨*

ਹਰੀ ਦਾ ਜਸ ਅਤੇ ਸਾਧੂ ਦੀ ਸੰਗਤ ਪੂਰਬਲੇ ਪੁੰਨ ਕਰਮਾਂ ਦੇ ਫਲਸਰੂਪ ਹੀ ਪ੍ਰਾਪਤ ਹੁੰਦੀ ਹੈ। ਜੀਵਾਂ ਦੀ ਪ੍ਰਾਲਬਧ ਅਨੁਸਾਰ ਉਹ ਸਰੀਰ ਧਾਰਨ ਕਰਦੇ ਹਨ। ਸੰਸਾਰੀ ਲੋਕ ਕਰਮਾਂ ਦੇ ਬੰਧਨਾਂ ਕਾਰਨ ਜੰਮਦੇ ਮਰਦੇ ਹਨ ਪਰ ਰੱਬ ਦੇ ਪਿਆਰੇ ਜਨਮ ਮਰਨ ਦੇ ਗੇੜ ਵਿਚ ਨਹੀਂ ਹੁੰਦੇ-

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ ੨ ॥
ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥
ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥ ੩ ॥ ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥ ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ ੪ ॥ ੭ ॥ ੫੪ ॥

ਅੰਗ – ੭੪੯

ਐਸੇ ਮਹਾਂਪੁਰਸ਼ ਜਗਤ ਵਿਚ ਜੀਵਾਂ ਦੀ ਭਲਾਈ ਵਾਸਤੇ ਆਉਂਦੇ ਹਨ। ਭੁੱਲੇ-ਭਟਕੇ ਜੀਵਾਂ ਨੂੰ ਆਤਮਿਕ ਜੀਵਨ ਦੀ ਸੋਝੀ ਬਖਸ਼ ਕੇ ਪ੍ਰਮਾਤਮਾ ਦੀ ਭਗਤੀ ਵਿਚ ਜੋੜਦੇ ਹਨ। ਆਪ ਪ੍ਰਮੇਸ਼ਰ ਦੇ ਰੰਗ ਵਿਚ ਰੰਗੇ ਰਹਿੰਦੇ ਹਨ –

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥
ਅੰਗ – ੮੦੮
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥
ਅੰਗ – ੭੨੨

ਉਨ੍ਹਾਂ ਦੀ ਪਾਤਸ਼ਾਹੀ ਭੀ ਅਟੱਲ ਹੁੰਦੀ ਹੈ –

ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥ ਅੰਗ – ੫

ਉਹ ਸਦਾ ਹੀ ਅਨੰਦ ਵਿਚ ਵਿਚਰਦੇ ਹਨ –

'ਨਾਨਕ ਭਗਤਾ ਸਦਾ ਵਿਗਾਸ' ਉਨ੍ਹਾਂ ਦੀ ਸੋਭਾ ਸਦਾ ਥਿਰ ਰਹਿੰਦੀ ਹੈ। ਉਹ ਵਾਹਿਗੁਰੂ ਜੀ ਦੇ ਸੇਵਕ ਬਣ ਕੇ ਰਹਿੰਦੇ ਹਨ ਤੇ ਪ੍ਰਮੇਸ਼ਰ ਉਨ੍ਹਾਂ ਦੀ ਕੀਤੀ ਹੋਈ ਨੂੰ ਮੇਟਦਾ ਨਹੀਂ।

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ
ਤਊ ਫੁਨਿ ਮੋ ਪੈ ਜਬਾਬੁ ਨ ਹੋਇ ॥ ੧ ॥ ਅੰਗ – ੧੨੫੩

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ
ਓਇ ਰਾਮ ਨਾਮ ਰੰਗਿ ਰਾਤੇ ॥
ਤਿਨ੍ ਕੀ ਸੋਭਾ ਸਭਨੀ ਥਾਈ
ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ – ੭੪੮

ਐਸੀ ਅਵਸਥਾ ਨੂੰ ਪ੍ਰਾਪਤ ਪ੍ਰਮੇਸ਼ਵਰ ਦਾ ਰੂਪ ਹੋ ਜਾਂਦੇ ਹਨ –

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
ਅੰਗ- ੨੬੩

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥
ਅੰਗ- ੩੧੯

ਜਗਿਆਸੂ ਦੀ ਅਰਦਾਸ ਹੁੰਦੀ ਹੈ ਕਿ ਹੇ ਵਾਹਿਗੁਰੂ! ਮੈਂ ਤੇਰਿਆਂ ਪਿਆਰਿਆਂ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਬਚਨਾਂ ਰਾਹੀਂ ਵਾਹਿਗੁਰੂ ਨਾਲ ਜੁੜਿਆ ਰਹਾਂ –

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੁ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥
ਅੰਗ – ੩੦੬

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕੁ ਦਾਸੁ ਇਹੀ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥ ੪ ॥ ੩ ॥ ੧੨੪ ॥
ਅੰਗ – ੨੦੫

ਪੰਥ ਪ੍ਰਵਾਣਿਤ ਅਰਦਾਸ ਵਿਚ ਵੀ ਅਖੀਰ ਵਿਚ ਇਹੀ ਲੋਚਾ ਕੀਤੀ ਗਈ ਹੈ ਕਿ 'ਸੇਈ ਪਿਆਰੇ ਮੇਲ ਜਿਨਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ' ਭਾਵ ***'ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥'*** ***ਅਤੇ*** ਅੰਤਲੇ ਸ਼ਬਦਾਂ ਵਿਚ ਕੁੱਲ ਲੋਕਾਈ ਦਾ ਭਲਾ ਮੰਗਿਆ ਹੈ –

ਨਾਨਕ ਨਾਮ ਚੜ੍ਹਦੀ ਕਲਾ॥
ਤੇਰੇ ਭਾਣੇ ਸਰਬੱਤ ਕਾ ਭਲਾ॥

ਪਹਿਲਾਂ ਨਾਮ ਆਵੇਗਾ ਫਿਰ ਚੜ੍ਹਦੀ ਕਲਾ ਹੋਵੇਗੀ ਉਸ ਤੋਂ ਬਾਅਦ ਸਰਬੱਤ ਦਾ ਭਲਾ ਮੰਗਿਆ ਹੈ। ਆਪ ਨਾਮ ਨਾਲ ਜੁੜਿਆ ਹੀ ਦੂਜਿਆਂ ਨੂੰ ਜੋੜ ਸਕਦਾ ਹੈ। ਉਹੀ ਸਰਬੱਤ ਦਾ ਭਲਾ ਮੰਗਣ ਦੇ ਸਮਰੱਥ ਹੁੰਦਾ ਹੈ–

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ – ੨੭੩

ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥
ਅੰਗ- ੯੧੫

ਪਰਉਪਕਾਰ ਕਰਨਾ ਹੀ ਉਨ੍ਹਾਂ ਦਾ ਮੁੱਖ ਮੰਤਵ ਹੁੰਦਾ ਹੈ। ਇਹ ਪਰਉਪਕਾਰ, ਨਾਮ ਬਾਣੀ ਨਾਲ ਜੋੜਨਾ, ਆਰਥਿਕ ਪੱਖੋਂ ਸਮਰੱਥ ਕਰਨਾ, ਸਮਾਜਿਕ ਤੌਰ ਤੇ ਸੱਚੀ ਰਹਿਣੀ ਸਿਖਾਉਣੀ, ਵਿਦਿਅਕ ਅਤੇ ਸਾਹਿਤਕ ਖੇਤਰ ਵਿਚ ਯੋਗਦਾਨ ਪਾਉਣਾ ਭਾਵ ਅਨੇਕਾਂ ਤਰੀਕਿਆਂ ਨਾਲ ਕੀਤਾ ਜਾਂਦਾ ਹੈ। ਇਹ ਸਾਰੇ ਪਰਉਪਕਾਰ ਪਿਆਰੇ ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ (ਧਰਮ ਸੁਪਤਨੀ ਮਹਾਂਪੁਰਸ਼ ਰਤਵਾੜਾ ਸਾਹਿਬ) ਜੀ ਦੇ ਜੀਵਨ ਵਿਚੋਂ ਪ੍ਰਤੱਖ ਰੂਪਮਾਨ ਹੁੰਦੇ ਨਜ਼ਰ ਆਉਂਦੇ ਹਨ। ਆਪਜੀ ਬਚਪਨ ਤੋਂ ਹੀ ਨਾਮ ਬਾਣੀ ਨਾਲ ਜੁੜੇ ਹੋਏ ਸਨ। ਬਚਪਨ ਵਿਚ ਸੇਵਾ ਸਿਮਰਨ ਦੀ ਲਗਨ ਲੱਗੀ ਰਹਿੰਦੀ ਸੀ। ਘੰਟਿਆਂ ਬੱਧੀ ਨਾਮ ਸਿਮਰਨ ਵਿਚ ਲੀਨ ਰਹਿੰਦੇ ਅਤੇ ਸਾਧੂ-ਸੰਤਾਂ ਦੀ ਸੰਗਤ ਕਰਦੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪ ਨੂੰ ਬਹੁਤ ਪਿਆਰ ਕਰਿਆ ਕਰਦੇ ਸਨ। ਆਪ ਜੀ ਨੂੰ ਆਤਮਿਕ ਅਨੰਦ ਵਿਚ ਝੂੰਮਦੇ ਹੋਏ ਦੇਖ ਬਹੁਤ ਖੁਸ਼ ਹੁੰਦੇ।

ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ

ਸੰਪਾਦਕੀ

ਪਹਿਲੀ ਮਿਲਣੀ ਵਿਚ ਆਪ ਜੀ ਨੇ ਫੁਰਮਾਇਆ, "ਅੱਜ ਸੋਹਾਗਣ ਨੂੰ ਸੋਹਾਗਣ ਮਿਲੀ ਹੈ।" ਸਿੰਧ ਵਿਚ ਗੁਰਮਤਿ ਪ੍ਰਚਾਰ, ਯੂ.ਪੀ ਵਿਖੇ ਸਿੱਖੀ ਦਾ ਪ੍ਰਚਾਰ ਅਤੇ ਪਸਾਰ, ਸਮਾਜਿਕ ਬੁਰਿਆਈਆਂ/ਕੁਰੀਤੀਆਂ ਤੋਂ ਛੁਟਕਾਰਾ ਦਿਵਾ ਕੇ ਗੁਰੂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ ਇਹ ਵਡਮੁੱਲੇ ਕਾਰਜ ਕੇਵਲ ਆਪ ਜੀ ਦੇ ਹਿੱਸੇ ਹੀ ਆਏ ਸਨ। ਯੂ.ਪੀ ਵਿਚ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਵਲੋਂ ਫਾਰਮ ਹਾਊਸ ਤੇ ਚਰਨ ਪਾਉਣ ਸਮੇਂ ਬਚਨ ਕੀਤੇ ਕਿ ਵਾਹ! ਫਕੀਰੀ ਤੇਰੀ! ਫਕੀਰੀ ਤੇਰੀ! ਫਕੀਰੀ ਤੇਰੀ! ਐਸਾ ਹੀ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ –

ਭਗਤ ਵੱਡਾ ਰਾਜਾ ਜਨਕ ਹੈ
ਗੁਰਮੁਖਿ ਮਾਇਆ ਵਿਚਿ ਉਦਾਸੀ। ਭਾਈ ਗੁਰਦਾਸ ਜੀ

ਗ੍ਰਹਿਸਤ ਵਿਚ ਰਹਿ ਕੇ ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਨਾਮ ਬਾਣੀ ਨਾਲ ਸਰਸ਼ਾਰ ਰਹਿੰਦੇ। ਸੰਨ 1978 ਵਿਚ ਫਾਰਮ ਵੇਚ ਕੇ ਆਪ ਜੀ ਚੰਡੀਗੜ੍ਹ ਆ ਗਏ ਅਤੇ ਆਪ ਜੀ ਨੇ ਚੰਡੀਗੜ੍ਹ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਗੁਰਮਤਿ ਦਾ ਪ੍ਰਚਾਰ ਕਥਾ ਕੀਰਤਨ ਰਾਹੀਂ ਸ਼ੁਰੂ ਕੀਤਾ। ਇਨ੍ਹਾਂ ਸਾਰੇ ਕਾਰਜਾਂ ਦੌਰਾਨ ਸਤਿਕਾਰਯੋਗ ਮਾਤਾ ਜੀਆਂ ਨੇ ਆਪ ਜੀ ਨੂੰ ਦਿਨ ਰਾਤ ਪੂਰਾ ਸਹਿਯੋਗ ਦਿਤਾ। ਜਿਸ ਕਾਰਨ ਸਾਰੇ ਕਾਰਜ ਚੜ੍ਹਦੀ ਕਲਾ ਵਿਚ ਨਿਰੰਤਰ ਚਲਦੇ ਰਹੇ। ਸੰਨ 1986 ਵਿਚ ਸੰਤ ਬਾਬਾ ਲਖਬੀਰ ਸਿੰਘ ਜੀ ਨੂੰ ਰਤਵਾੜਾ ਸਾਹਿਬ ਦਾ ਵਰਤਮਾਨ ਅਸਥਾਨ ਬਣਾਉਣ ਦਾ ਆਦੇਸ਼ ਹੋਣ ਤੇ ਸੰਸਥਾ ਦੀ ਸਥਾਪਨਾ ਸ਼ੁਰੂ ਹੋਈ। ਮਹਾਂਪੁਰਸ਼ਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਪ ਜੀ ਨੇ ਘਰ-ਬਾਰ ਅਤੇ ਨੌਕਰੀ ਦਾ ਤਿਆਗ ਕਰ ਪੂਰਨ ਤਨੋ ਮਨੋ ਨਾਲ ਸੇਵਾ ਆਰੰਭ ਕਰ ਦਿਤੀ।

ਥੋੜ੍ਹੇ ਜਿਹੇ ਸਮੇਂ ਵਿਚ ਹੀ ਇਲਾਕੇ ਦੇ ਭਲੇ ਲਈ ਬਹੁਤ ਸਾਰੇ ਪਰਉਪਕਾਰੀ ਕਾਰਜ ਪ੍ਰਾਰੰਭ ਹੋ ਗਏ। ਸਮੇਂ-ਸਮੇਂ ਆਈਆਂ ਕੁਦਰਤੀ ਆਫਤਾਂ ਵਿਚ ਲੋੜਵੰਦਾਂ ਦੀ ਸਹਾਇਤਾ ਵਿਚ ਪੂਰਾ ਯੋਗਦਾਨ ਪਾਇਆ। ਸੰਨ 1994 ਵਿਚ ਪੰਜਾਬ ਵਿਚ ਆਏ ਹੜ੍ਹਾਂ ਦੌਰਾਨ, ਗੁਜਰਾਤ ਦੇ ਭੁਚਾਲਾਂ ਅਤੇ ਸੁਨਾਮੀ ਲਹਿਰਾਂ ਦੌਰਾਨ, ਪੰਜਾਬ ਯੂ.ਪੀ., ਉਤਰਾਖੰਡ ਵਿਚ ਆਏ ਹੜ੍ਹ, ਸੰਨ 2015 ਵਿਚ ਨੇਪਾਲ ਵਿਚ ਭੁਚਾਲ, ਕਿਸਾਨੀ ਅੰਦੋਲਨ, ਕਰੋਨਾ ਮਹਾਂਮਾਰੀ ਆਦਿਕ ਕੁਦਰਤੀ ਆਫ਼ਤਾਂ ਸਮੇਂ ਇਸ ਟਰੱਸਟ ਵਲੋਂ ਸਹਾਇਤਾ ਜਾਰੀ ਰਹੀ। ਵਿਦਿਅਕ ਖੇਤਰ ਵਿਚ ਸਥਾਪਿਤ ਅਦਾਰੇ ਆਪਣੀ ਮਿਸਾਲ ਆਪ ਹਨ। ਮਿਆਰੀ ਵਿਦਿਆ ਦੇ ਨਾਲ-ਨਾਲ ਧਾਰਮਿਕ ਅਤੇ ਸਦਾਚਾਰਕ ਪਾਠ ਪੜ੍ਹਾਉਣਾ ਵੀ ਇਨ੍ਹਾਂ ਅਦਾਰਿਆਂ ਦਾ ਇਕ ਜ਼ਰੂਰੀ ਅੰਗ ਹੈ। ਨਾਮ ਬਾਣੀ ਦੇ ਪਸਾਰ ਹਿਤ ਅਨੇਕ ਪੁਸਤਕਾਂ, ਆਤਮ ਮਾਰਗ ਮੈਗਜ਼ੀਨ, ਆਡੀਓ, ਵੀਡੀਓ ਆਦਿ ਦੀ ਰਚਨਾ ਹੋਈ। ਮਹਾਂਪੁਰਸ਼ਾਂ ਦੇ ਪਰਉਪਕਾਰ ਯਾਦ ਕਰਦਿਆਂ ਅਕਤੂਬਰ ਮਹੀਨਾ, ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ ਨੂੰ ਵੈਰਾਗਮਈ ਅਵਸਥਾ ਵਿਚ ਲੈ ਜਾਂਦਾ ਹੈ।

ਪਿਆਰ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਯਾਦ ਕਦੇ ਨਹੀਂ ਭੁੱਲਦੀ। ਸਮੂਹਿਕ ਸੰਗਤ ਰੂਪ ਵਿਚ ਉਨ੍ਹਾਂ ਦੀ ਯਾਦ 30-31 ਅਕਤੂਬਰ 1-2 ਨਵੰਬਰ ਨੂੰ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ ਇਕ ਮਹਾਨ ਗੁਰਮਤਿ ਰੂਹਾਨੀ ਸਮਾਗਮ ਦੇ ਰੂਪ ਵਿਚ ਮਨਾਈ ਜਾ ਰਹੀ ਹੈ। ਰਤਵਾੜਾ ਸਾਹਿਬ ਸਕੂਲਾਂ ਦਾ ਸਾਲਾਨਾ ਧਾਰਮਿਕ ਸਮਾਰੋਹ ਵੀ ਹੋਵੇਗਾ ਜਿਸ ਵਿਚ ਸਕੂਲਾਂ ਦੇ ਬੱਚੇ ਕੀਰਤਨ, ਕਥਾ, ਕਵੀਸ਼ਰੀ, ਢਾਡੀ ਵਾਰਾਂ ਅਤੇ ਹੋਰ ਸਿਖਿਆਦਾਇਕ ਝਲਕੀਆਂ ਪੇਸ਼ ਕਰਨਗੇ।

ਸਮਾਗਮ ਸਬੰਧੀ ਸੰਗਤਾਂ ਦੀ ਪਹਿਲੀ ਮੀਟਿੰਗ 20 ਸਤੰਬਰ ਨੂੰ ਹੋ ਚੁੱਕੀ ਹੈ। ਅਨੇਕਾਂ ਸੰਗਤਾਂ ਨੇ ਰੋਪੜ, ਦੋਆਬਾ, ਬਟਾਲਾ, ਪੱਟੀ, ਖਡੂਰ ਸਾਹਿਬ, ਫਰੀਦਕੋਟ, ਸੰਗਰੂਰ, ਪਟਿਆਲਾ, ਰਾਜਪੁਰਾ, ਪਾਉਂਟਾ ਸਾਹਿਬ, ਦਿੱਲੀ, ਯੂ.ਪੀ, ਉਤਰਾਖੰਡ ਅਤੇ ਰਾਜਸਥਾਨ ਅਤੇ ਨੇੜਲੇ ਇਲਾਕਿਆਂ ਵਿਚੋਂ ਆ ਕਰਕੇ ਸ਼ਿਰਕਤ ਕੀਤੀ। ਆਦਿਕ ਇਲਾਕਿਆਂ ਵਿਚੋਂ ਆ ਕਰਕੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿਚ ਸਮਾਗਮ ਦੇ ਸੁਚੱਜੇ ਲੋੜੀਂਦੇ ਪ੍ਰਬੰਧਾਂ ਸੰਬੰਧੀ ਵਿਚਾਰਾਂ ਹੋਣ ਤੋਂ ਬਾਅਦ ਫੈਸਲੇ ਲਏ ਗਏ। ਬਹੁਤ ਸਾਰੇ ਪ੍ਰੇਮੀਆਂ ਦੀਆਂ ਸੇਵਾਵਾਂ ਲਾਈਆਂ ਗਈਆਂ। ਅੱਗੇ ਨਾਲੋਂ ਹੋਰ ਵੀ ਸਾਰੇ ਪ੍ਰਬੰਧਾਂ ਨੂੰ ਸੁਚੱਜੇ ਢੰਗ ਨਾਲ ਕਰਨ ਲਈ ਸਾਰੀਆਂ ਸੰਗਤਾਂ ਅਤੇ ਸੇਵਾਦਾਰਾਂ ਨੇ ਬਚਨਬੱਧਤਾ ਪ੍ਰਗਟਾਈ। ਵਿਸ਼ੇਸ਼ ਪ੍ਰਬੰਧਾਂ ਦੀਆਂ ਸੇਵਾਵਾਂ ਸੇਵਾਦਾਰਾਂ ਨੂੰ ਸੌਂਪਣ ਤੋਂ ਬਾਦ ਇਹ ਮੀਟਿੰਗ ਸਮਾਪਤ ਹੋਈ। ਰਹਿੰਦੇ ਪ੍ਰਬੰਧ ਦੇ ਕਾਰਜਾਂ ਨੂੰ ਦੂਜੀ ਮੀਟਿੰਗ ਵਿਚ ਕਰਨ ਦਾ ਫੈਸਲਾ ਹੋਇਆ। ਸਾਰੀਆਂ ਸੰਗਤਾਂ ਨੂੰ

ਦੂਜੀ ਮੀਟਿੰਗ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

30 ਅਕਤੂਬਰ ਦਾ ਸਮਾਗਮ ਸਮੂੰਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ। 31 ਅਕਤੂਬਰ ਨੂੰ ਪਿਆਰੇ ਮਹਾਂਪੁਰਸ਼ਾਂ ਦੀ ਨਿੱਘੀ ਯਾਦ, 1 ਨਵੰਬਰ ਨੂੰ ਸਤਿਕਾਰਯੋਗ ਮਾਤਾ ਜੀ ਦੀ ਯਾਦ ਅਤੇ 2 ਨਵੰਬਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਗੁਰਮਤਿ ਸਮਾਗਮਾਂ ਰਾਹੀਂ ਮਨਾਏ ਜਾਣਗੇ। ਅਨੇਕਾਂ ਗੁਰੂ ਪਿਆਰੀਆਂ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਆਪਣੇ ਪਿਆਰਿਆਂ ਦੀ ਯਾਦ ਵਿਚ ਹੋ ਰਹੇ ਨਾਮ-ਸਿਮਰਨ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਆ ਰਹੀਆਂ ਹਨ। ਸੰਗਤਾਂ ਨੂੰ ਬੇਨਤੀ ਹੈ ਕਿ ਆਉਣ ਦੀ ਸੂਚਨਾ ਪਹਿਲਾਂ ਹੀ ਪ੍ਰਬੰਧਕਾਂ ਨੂੰ ਦੇਣ ਦੀ ਕ੍ਰਿਪਾਲਤਾ ਕਰਨ। ਸੰਗਤਾਂ ਦੀ ਸਹੂਲਤ ਲਈ ਅਨੇਕਾਂ ਤਿਆਰੀਆਂ ਰਤਵਾੜਾ ਸਾਹਿਬ ਅਸਥਾਨ ਤੇ ਚਲ ਰਹੀਆਂ ਹਨ ਜੋ ਕਿ ਸਮਾਗਮ ਤੱਕ ਗੁਰੂ ਕ੍ਰਿਪਾ ਨਾਲ ਮੁਕੰਮਲ ਹੋਣ ਜਾ ਰਹੀਆਂ ਹਨ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਸਦਕਾ, ਪਿਆਰੇ ਮਹਾਂਪੁਰਸ਼ਾਂ ਅਤੇ ਬੀਜੀ ਜੀ ਦੇ ਅਸ਼ੀਰਵਾਦ ਨਾਲ, ਸਮੂਹ ਟਰੱਸਟ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਾਰੇ ਕਾਰਜ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੜ੍ਹਦੀ ਕਲਾ ਵਿਚ ਚੱਲ ਰਹੇ ਹਨ। ਬਾਬਾ ਜੀ ਵਲੋਂ ਸੈਂਟਰਾਂ ਦੇ ਦੀਵਾਨ ਅਤੇ ਹੋਰ ਜੱਥਿਆਂ ਵਲੋਂ ਬਾਬਾ ਹਰਪਾਲ ਸਿੰਘ ਜੀ, ਭਾਈ ਜਸਵਿੰਦਰ ਸਿੰਘ ਘੋਲਾ ਅਤੇ ਦਾਸ (ਭਾਈ ਸੁਖਵਿੰਦਰ ਸਿੰਘ) ਵਲੋਂ ਇਲਾਕੇ ਵਿਚ ਦੀਵਾਨਾਂ ਰਾਹੀਂ ਸੰਗਤਾਂ ਨੂੰ ਸਮਾਗਮ ਬਾਰੇ ਜਾਣਕਾਰੀ ਦਿਤੀ ਜਾ ਰਹੀ ਹੈ। ਵੱਡੀ ਤਦਾਦ ਵਿਚ ਸੰਗਤਾਂ ਦੇਸ਼-ਵਿਦੇਸ਼ਾਂ ਤੋਂ ਸਮਾਗਮ ਵਿਚ ਸ਼ਾਮਲ ਹੋਣ ਲਈ ਪਹੁੰਚ ਰਹੀਆਂ ਹਨ। ਸਿੱਖ ਪੰਥ ਦੀਆਂ ਮਹਾਨ ਸ਼ਖਸੀਅਤਾਂ, ਸੰਪਰਦਾਵਾਂ ਦੇ ਮੁਖੀ, ਸੰਤ ਮਹਾਂਪੁਰਸ਼, ਨਿਰਮਲੇ, ਉਦਾਸੀ, ਸਬੁੱਧੀਜੀਵੀ, ਸੂਫੀ ਸੰਤ ਮਹਾਂਪੁਰਸ਼ ਅਤੇ ਰਾਗੀ ਢਾਡੀ ਜਥੇ ਸੰਗਤਾਂ ਦੇ ਦਰਸ਼ਨ ਕਰਨ ਲਈ ਪਹੁੰਚ ਰਹੇ ਹਨ। ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਟਰੱਸਟ ਰਤਵਾੜਾ ਸਾਹਿਬ ਵਲੋਂ ਆਪਣੇ ਪਿਆਰਿਆਂ ਦੀ ਯਾਦ ਵਿਚ ਹੋ ਰਹੇ ਮਹਾਨ ਗੁਰਮਤਿ ਰੂਹਾਨੀ ਸਮਾਗਮ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਆਸ ਹੈ ਕਿ ਆਪ ਜੀ ਦਰਸ਼ਨ ਦੀਦਾਰ ਬਖਸ਼ ਕੇ ਸੇਵਾ ਦੇ ਅਵਸਰ ਬਖਸ਼ੋਗੇ। ਟਰੱਸਟ ਰਤਵਾੜਾ ਸਾਹਿਬ ਆਪ ਜੀ ਸਮੂਹ ਪਾਠਕ ਜਨਾਂ ਅਤੇ ਸੰਗਤਾਂ ਦੀ ਉਡੀਕ ਕਰ ਰਿਹਾ ਹੈ। ਆਪ ਜੀ ਦੀ ਸੇਵਾ ਲਈ ਸੁਚੱਜੇ ਪ੍ਰਬੰਧ ਕਰਕੇ ਅਸੀਂ ਖੁਸ਼ੀ ਮਹਿਸੂਸ ਕਰਾਂਗੇ। ਅਸਲ ਵਿਚ ਇਹ ਚਾਰ ਰੋਜ਼ਾ ਮਹਾਨ ਗੁਰਮਤਿ ਰੂਹਾਨੀ ਸਮਾਗਮ ਗੁਰੂ ਪਿਆਰ ਵਾਲੀਆਂ ਸੰਗਤਾਂ ਲਈ ਸੇਵਾ ਸਿਮਰਨ ਦਾ ਕੁੰਭ ਹੈ। ਇਸ ਸਮਾਗਮ ਦੀ ਤਿਆਰੀ ਕਈ ਮਹੀਨੇ ਪਹਿਲਾਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਵੱਡੇ ਪ੍ਰਬੰਧਕੀ ਕਾਰਜ ਕਾਫੀ ਸਮਾਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਬਿਲਡਿੰਗਾਂ ਦੀ ਉਸਾਰੀ, ਬਾਥਰੂਮਾਂ ਦੇ ਪ੍ਰਬੰਧ, ਰਸਤੇ ਆਦਿ ਪੱਕੇ ਕਰਨੇ ਅਤੇ ਸਾਰੇ ਅਸਥਾਨ ਦੀ ਰੈਨੋਵੇਸ਼ਨ ਭਾਵ ਸਫੇਦੀ/ਰੰਗ ਆਦਿ ਦੇ ਕਾਰਜ ਦਿਨ-ਰਾਤ ਚਲਦੇ ਹਨ। ਦੇਸ਼-ਵਿਦੇਸ਼ ਤੋਂ ਸੰਗਤਾਂ ਸਾਲ ਭਰ ਇਸ ਸਮਾਗਮ ਦੀ ਉਡੀਕ ਕਰਦੀਆਂ ਰਹਿੰਦੀਆਂ ਹਨ। ਅਸਲ ਵਿਚ ਇਹ ਸਮਾਗਮ ਕੇਵਲ ਸੰਗਤਾਂ ਦਾ ਸਿਰਫ ਇਕੱਠ ਹੀ ਨਹੀਂ ਹੈ ਸਗੋਂ ਪਿਆਰ, ਵੈਰਾਗ ਅਤੇ ਸ਼ਰਧਾ ਨਾਲ ਗੁਰੂ ਪਿਆਰ ਵਿਚ ਰੰਗੇ ਹੋਏ ਮਨਾਂ ਦਾ ਇਕੱਠ ਹੈ। ਭਾਵ Quantity ਦੇ ਨਾਲ Quality ਵੀ ਹੈ।

ਪਿਆਰੇ ਮਹਾਂਪੁਰਸ਼ਾਂ ਦਾ ਐਸਾ ਉਦੇਸ਼ ਸੀ ਕਿ ਇਤਨੇ ਵੱਡੇ ਸਮਾਗਮ ਵਿਚੋਂ ਸੰਗਤਾਂ ਨਾਮ-ਬਾਣੀ ਨਾਲ ਸ਼ਰਸ਼ਾਰ ਹੋ ਕਰਕੇ ਰੂਹਾਨੀਅਤ ਦੀਆਂ ਉਚਤਾਈਆਂ ਨੂੰ ਸਮਝਣ। ਸੰਗਤਾਂ ਦੇ ਕੁਝ ਪੱਲੇ ਪਵੇ ਤੇ ਸ਼ਰਧਾ/ਪਿਆਰ/ਵੈਰਾਗ ਦੀਆਂ ਝੋਲੀਆਂ ਭਰ ਕੇ ਲੈ ਕੇ ਜਾਣ। ਸੋ ਉਸ ਰੂਹਾਨੀ ਮਿਆਰ ਨੂੰ ਪਹਿਲਾਂ ਦੀ ਤਰ੍ਹਾਂ ਬਰਕਰਾਰ ਰੱਖਣਾ ਇਹ ਟਰੱਸਟ ਰਤਵਾੜਾ ਸਾਹਿਬ ਦਾ ਉਦੇਸ਼ ਹੈ। ਗੁਰੂ ਕਿਰਪਾ ਕਰੇ ਸਾਰੇ ਸਮਾਗਮ ਨਿਰਵਿਘਨਤਾ ਸੰਪੂਰਨ ਹੋਣ।

ਸੰਗਤਾਂ ਦੀ ਉਡੀਕ ਵਿਚ, ਟਰੱਸਟ ਰਤਵਾੜਾ ਸਾਹਿਬ।

ਆਓ! ਦੀਦਾਰੇ ਬਖਸ਼ੋ ਜੀ।

ਕਤਿਕਿ
ਸੰਗਰਾਂਦ - ਅਕਤੂਬਰ 17 (ਦਿਨ ਸ਼ਨਿੱਚਰਵਾਰ)

ਭਾਈ (ਡਾ.) ਸੁਖਵਿੰਦਰ ਸਿੰਘ
ਮੈਨੇਜਿੰਗ ਐਡੀਟਰ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੂਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥ ੯ ॥ *ਅੰਗ- ੧੩੫*

ਸਮੁੱਚੇ ਬਾਰਹਮਾਹਾ ਵਿਚ ਸਤਿਗੁਰਾਂ ਨੇ ਮਹੀਨਿਆਂ ਨੂੰ ਪ੍ਰਤੀਕ ਬਣਾ ਕੇ ਸਾਡੀ ਅੰਦਰਲੀ ਆਤਮਿਕ ਅਵਸਥਾ ਬਾਰੇ ਜਾਣੂ ਕਰਵਾਇਆ ਹੈ। ਜੇਠ-ਹਾੜ ਦੀ ਤਪਤ ਅਤੇ ਭਾਦੁਇ ਦੀ ਦੁਬਿਧਾ ਤੋਂ ਬਾਅਦ ਲੋੜ ਪ੍ਰਤੀਤ ਹੁੰਦੀ ਹੈ ਕਿ ਸੀਤਲਤਾ ਜਾਂ ਸਰਦ ਦੀ ਰੁੱਤ ਆਵੇ। ਇਸ ਵਾਸਤੇ ਉਪਰਾਲੇ ਕਰਨ ਦੀ ਲੋੜ ਹੈ।

ਰੁਤਿ ਸਰਦ ਅਡੰਬਰੋ ਅਸੁ ਕਤਕੇ ਹਰਿ ਪਿਆਸ ਜੀਉ॥
ਅੰਗ- ੯੨੮

ਜੇ ਠੰਢਕ ਚਾਹੀਦੀ ਹੈ ਤਾਂ ਅਡੰਬਰ ਭਾਵ ਉਪਰਾਲਾ ਕਰਨ ਦੀ ਲੋੜ ਹੈ। ਨਵੇਂ ਮਹੀਨੇ ਦਾ ਆਰੰਭ ਹੋ ਜਾਣਾ ਜਾਂ ਪਹਿਲੇ ਦਾ ਚਲੇ ਜਾਣਾ ਇਹ ਸਾਡੀ ਸਮਝ ਦੀ ਪਕੜ ਵਿਚ ਹੈ ਪਰ ਕੁਝ ਮਹੀਨੇ ਐਸੇ ਹਨ ਜਿਨ੍ਹਾਂ ਵਿਚ ਆਤਮਿਕ ਅਵਸਥਾ ਦੀ ਉਡਾਰੀ ਲਈ (ਸਰਦ ਰੁਤ ਲਈ) ਕੁਝ ਕਰਨ ਦੀ ਲੋੜ ਹੈ। ਸਰਦ ਰੁੱਤ ਲਈ ਅੱਸੂ-ਕਤਕ ਇਕ ਅਡੰਬਰ ਹੈ। ਇਕ ਉਪਰਾਲਾ ਹੈ, ਤਿਆਰੀ ਦਾ। ਭਾਦੁਇ ਦੇ ਭਰਮ ਭੁਲਾਵਿਆਂ ਵਿਚੋਂ ਨਿਕਲ ਕੇ ਉਸ ਪ੍ਰਮੇਸ਼ਰ ਦੀ ਯਾਦ ਵਿਚ ਜੁੜਨਾ ਪਵੇਗਾ, ਇਹੀ ਸੁਖਾਂ ਦੀ ਪ੍ਰਾਪਤੀ ਦਾ ਸਾਰ ਹੈ। ਕਰਮ ਰੂਪੀ ਧਰਤੀ ਵਿਚ ਪ੍ਰਮੇਸ਼ਰ ਦੀ ਯਾਦ ਦਾ ਬੀਜ ਬੀਜਣਾ ਪਵੇਗਾ। 'ਅੱਸੂ ਕਤਕੇ ਹਰਿ ਪਿਆਸ ਜੀਉ' ਹਿਰਦੇ ਵਿਚ ਪ੍ਰਭੂ ਪ੍ਰੇਮ ਦੀ ਪਿਆਸ ਦਾ ਉਮਾਹ ਪੈਦਾ ਕਰਨਾ 'ਕਤਿਕਿ ਦੀ ਤਿਆਰੀ ਹੈ, ਉਪਰਾਲਾ ਹੈ। ਭਾਵ -

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ
ਕੋਈ ਆਣਿ ਮਿਲਾਵੈ ਮਾਇ ॥ *ਅੰਗ - ੧੩੪*

ਜੇ ਆਪਣੇ ਆਪ ਮਿਲਾਪ ਸੰਭਵ ਹੋਵੇ ਤਾਂ ਸਾਰੇ ਹੀ ਭਾਗਾਂ ਵਾਲੇ ਬਣ ਸਕਦੇ ਹਨ -

ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥
ਅੰਗ - ੧੫੬

ਇਥੇ ਉਸ ਦੀ ਨਦਰਿ ਦੀ ਲੋੜ ਹੈ -

ਆਪਣਾ ਲਾਇਆ ਪਿਰਮੁ ਨ ਲਗਈ
ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ
ਜੈ ਭਾਵੈ ਤੈ ਦੇਇ ॥ ੧੩ ॥ *ਅੰਗ- ੧੩੭੮*

ਅਸਲ ਵਿਚ ਕਰਮ ਹੀ ਰੂਹਾਨੀਅਤ ਦਾ ਅਧਾਰ ਬਣਦੇ ਹਨ -

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥ ਅੰਗ- ੧੫੭

ਸਰੀਰ, ਕਰਮਾਂ ਦੀ ਧਰਤੀ ਹੈ। ਇਸ ਵਿਚ ਜਿਹੋ ਜਿਹਾ ਬੀਜ ਬੀਜਾਂਗੇ ਉਹੀ ਉੱਗੇਗਾ -

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੪

ਆਪੇ ਬੀਜਿ ਆਪੇ ਹੀ ਖਾਹੁ॥ ਅੰਗ - ੪

ਸਰੀਰ ਵਿਚ ਕਰਮ ਇੰਦਰਿਆਂ ਅਤੇ ਗਿਆਨ ਇੰਦਰਿਆਂ ਦੇ ਆਪੋ ਆਪਣੇ ਕਰਮ ਹਨ। ਅੱਖਾਂ ਦਾ ਕਰਮ ਦੇਖਣਾ ਹੈ, ਕੰਨਾਂ ਦਾ ਕਰਮ ਸੁਣਨਾ ਹੈ, ਪੈਰਾਂ ਦਾ ਕਰਮ ਤੁਰਨਾ ਹੈ ਪਰ ਇਹ ਸਾਰੇ ਤਾਂ ਹੀ ਪ੍ਰਵਾਣ ਹਨ ਜੇਕਰ ਗੁਰੂ ਦੀ ਮਤਿ ਅਨੁਸਾਰ ਕਰਮ ਕਰਨ। ਇਨ੍ਹਾਂ ਅੰਗਾਂ ਨੇ ਕਰਨਾ ਕੀ ਹੈ? ਜੋ ਗੁਰੂ ਦੀ ਮਤਿ ਅਨੁਸਾਰ ਹੋਵੇ, ਇਸ ਪ੍ਰਤੀ ਸੁਚੇਤ ਰਹਿਣਾ ਹੀ ਸਰਦ ਰੁਤਿ ਦੀ ਤਿਆਰੀ ਹੈ, ਆਡੰਬਰ ਹੈ। ਜਿਵੇਂ ਕੰਨ ਜੋ ਹਨ, ਉਨ੍ਹਾਂ ਦਾ ਕਰਮ ਸੱਚੇ ਪਾਤਸ਼ਾਹ ਦਰਸਾ ਰਹੇ ਹਨ -

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਅੰਗ - ੯੨੨

ਗੁਰੂ ਹੁਕਮ ਦੇ ਵਿਪਰੀਤ ਜੇਕਰ ਹੋਰ ਕੁਝ ਸੁਣਾਂਗੇ ਤਾਂ ਭੈੜੇ ਗੀਤ ਆਦਿ ਸੁਣਨ ਸਬੰਧੀ ਫੁਰਮਾਨ ਹੈ -

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥ ੧ ॥ ਰਹਾਉ ॥ ਅੰਗ- ੮੨੦

ਇਸੇ ਤਰ੍ਹਾਂ ਜੀਭ ਦਾ ਕਾਰਜ ਹੈ -

ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥
ਪ੍ਰਭਿ ਅਪਨੈ ਜਨ ਕੀਨੀ ਦਾਤਿ ॥ ਅੰਗ - ੨੮੬

ਰੇ ਜਿਹਬਾ ਕਰਉ ਸਤ ਖੰਡ ॥
ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ - ੧੧੬੩

ਪੈਰਾਂ ਦੀ ਸਫ਼ਲਤਾ ਬਾਰੇ ਫੁਰਮਾਨ ਹੈ -

ਚਰਨ ਚਲਉ ਮਾਰਗਿ ਗੋਬਿੰਦ ॥
ਮਿਟਹਿ ਪਾਪ ਜਪੀਐ ਹਰਿ ਬਿੰਦ ॥ ਅੰਗ - ੨੮੧

ਇਸ ਤਰ੍ਹਾਂ ਦੀ ਵੀਚਾਰ ਹਿਰਦੇ ਵਿਚ ਧਾਰਨ ਕਰਦੇ ਰਹਿਣ ਨੂੰ ਹੀ ਚੇਤੰਨ/ਸੁਚੇਤ ਕਿਹਾ ਹੈ ਕਿ ਆਪਣੇ ਕਰਮਾਂ ਪ੍ਰਤੀ ਹਰ ਵੇਲੇ ਸੁਚੇਤ ਰਹਿਣ ਦੀ ਲੋੜ ਹੈ। ਭਾਵ -

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥
ਅੰਗ - ੭੨੭
ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥
ਅੰਗ - ੧੩੮੧

ਜੇਕਰ ਨਹੀਂ ਸੁਚੇਤ ਹੋਵਾਂਗੇ ਤਾਂ ਮਹਾਰਾਜ ਫੁਰਮਾਂਦੇ ਹਨ -

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਅੰਗ- ੮

ਬਾਰਹਮਾਹਾ ਦੀ ਆਰੰਭਤਾ ਹੀ ਕਰਮਾਂ ਦੀ ਥਿਊਰੀ ਤੋਂ ਹੁੰਦੀ ਹੈ -

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥
ਅੰਗ - ੧੩੩

ਕਰਮਾਂ ਕਰਕੇ ਹੀ ਵਿਛੜੇ ਹਾਂ ਤੇ ਮਿਲਾਣਹਾਰੇ ਵੀ ਕਰਮ ਹੀ ਹਨ। ਇਸ ਕਰਕੇ ਦੂਸਰੇ ਨੂੰ ਦੋਸ਼ ਦੇਣਾ ਵਾਜਿਬ ਨਹੀਂ -

<u>ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥</u>

ਸੁੱਖ-ਦੁਖ ਕਰਮਾਂ ਕਰਕੇ ਹੀ ਆਉਂਦੇ-ਜਾਂਦੇ ਹਨ।

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
ਅੰਗ - ੧੪੯

ਸਤਿਗੁਰਾਂ ਦਾ ਫੁਰਮਾਨ ਹੈ -

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥ ੧ ॥ ਰਹਾਉ ॥
ਅੰਗ - ੧੯੯

ਪ੍ਰਭੂ ਪ੍ਰੇਮ ਵਾਲੇ 'ਭਗਤ' ਦੀ ਸੋਚ ਹੋਰ ਹੈ -

ਰਾਖਿ ਲੇਹੁ ਹਮ ਤੇ ਬਿਗਰੀ ॥
ਸੀਲੁ ਧਰਮੁ ਜਪੁ ਭਗਤਿ ਨ ਕੀਨੀ
ਹਉ ਅਭਿਮਾਨ ਟੇਢ ਪਗਰੀ ॥ ੧ ॥ ਰਹਾਉ ॥
ਅੰਗ- ੮੫੬

ਇਸੇ ਵੀਚਾਰ ਬਾਰੇ ਸੱਚੇ ਪਾਤਸ਼ਾਹ ਹੋਰ ਘੁੰਡੀਆਂ ਖੋਲ੍ਹਦੇ ਹਨ -

ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ
ਵਿਛੁੜਿ ਚੋਟਾ ਖਾਵੈ ॥ ਅੰਗ - ੬੦੧

ਆਪਣੀ ਮਰਜ਼ੀ ਵਿਚ ਚੋਟਾਂ ਹਨ, ਦੁਖ ਹਨ। ਸੁਖ ਉਸ ਦੇ ਹੁਕਮ ਰਾਹੀਂ ਵਾਪਰੇ ਭਾਣਿਆਂ ਨਾਲ, ਰਜ਼ਾ ਵਿਚ ਰਾਜ਼ੀ ਰਹਿਣਾ। ਸਾਰੇ ਦੁਖ ਉਸ ਨੂੰ ਭੁੱਲਣ ਵਿਚ ਹਨ -

<u>ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥</u>

ਹਰਿ ਬਿਸਰਤ ਸਦਾ ਖੁਆਰੀ ॥ ਅੰਗ - ੭੧੧

ਪ੍ਰਮੇਸ਼ਰ ਨੂੰ ਭੁੱਲ ਕੇ ਹੀ ਮਨੁੱਖ ਮਾੜੇ ਕਰਮਾਂ ਵਿਚ ਖਚਿਤ ਹੁੰਦਾ ਹੈ -

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥ *ਅੰਗ - ੯੩੨*

ਜਦੋਂ ਉਸ ਪਰਮ ਸ਼ਕਤੀ ਤੋਂ ਟੁੱਟ ਗਏ ਫਿਰ ਜਨਮਾਂ-ਜਨਮਾਂ ਦੇ ਵਿਛੋੜੇ ਗਲ ਪੈ ਜਾਂਦੇ ਹਨ -

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥

ਇਕ ਵਾਰ ਦੇ ਖੁੰਝੇ ਹੋਏ ਪਤਾ ਨਹੀਂ ਕਦੋਂ ਵਾਪਸ ਸਹੀ ਰਸਤੇ 'ਤੇ ਆਵਾਂਗੇ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ -

ਕਬੀਰ ਚਕਈ ਜਉ ਨਿਸਿ ਬੀਛੁਰੈ
ਆਇ ਮਿਲੈ ਪਰਭਾਤਿ ॥
ਜੋ ਨਰ ਬਿਛੁਰੇ ਰਾਮ ਸਿਉ
ਨਾ ਦਿਨ ਮਿਲੇ ਨ ਰਾਤਿ ॥ *ਅੰਗ - ੧੩੭੧*

ਚਕਵੀ ਤਾਂ ਰਾਤ ਨੂੰ ਵਿਛੜ ਕੇ ਸਵੇਰੇ ਪਹੁ ਫੁਟਦੀ ਨੂੰ ਆਪਣੇ ਪ੍ਰੀਤਮ ਨੂੰ ਮਿਲ ਜਾਂਦੀ ਹੈ ਪਰ ਜੋ ਉਸ ਪ੍ਰਮਾਤਮਾ ਤੋਂ ਵਿਛੜ ਗਏ, ਪਤਾ ਨਹੀਂ ਕਦੋਂ ਮਿਲਣਗੇ। ਭਾਵ -

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ *ਅੰਗ- ੧੭੬*

83 ਲੱਖ 99 ਹਜ਼ਾਰ, 999 ਜੂਨੀਆਂ ਦਾ ਗੇੜ ਫਿਰ ਤਿਆਰ ਹੈ। ਇਸ ਕਰਕੇ ਗੇੜ ਬਹੁਤ ਲੰਮਾ ਹੈ, ਸੁਚੇਤ ਹੋਣ ਦੀ ਸਖ਼ਤ ਲੋੜ ਹੈ -

ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥

ਸਾਰੇ ਸੁੱਖਾਂ ਦੇ ਸਾਧਨ ਜੋ ਪ੍ਰਤੀਤ ਹੁੰਦੇ ਸਨ ਕੌੜੇ ਹੋ ਗਏ, ਰੋਗ ਬਣ ਗਏ -

ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ ॥ *ਅੰਗ - ੪੬੯*

ਜਿਨ੍ਹਾਂ ਸੰਗੀ-ਸਾਥੀਆਂ ਲਈ ਸੁਖ ਪੈਦਾ ਕੀਤੇ, ਕੋਈ ਨਾਲ ਨਹੀਂ ਨਿਭਦਾ। ਰੋਗ/ਦੁਖ ਤਾਂ ਵਿਛੋੜੇ ਕਾਰਨ ਹਨ।

ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥

ਹੁਣ ਆਪਣੀ ਪੇਸ਼ ਕੋਈ ਜਾ ਨਹੀਂ ਸਕਦੀ, ਹੋਣਾ ਉਹ ਹੈ ਜੋ ਕਰਮ ਸਿਧਾਂਤ ਅਨੁਸਾਰ ਪ੍ਰਮੇਸ਼ਰ ਨੂੰ ਭਾਉਂਦਾ ਹੈ -

ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥

ਜੇਕਰ ਭਾਗ ਜਾਗ ਪੈਣ ਫਿਰ ਕਿਸੇ ਮਿਲੇ ਹੋਏ ਦਾ ਮਿਲਾਪ ਹੋ ਜਾਂਦਾ ਹੈ -

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ ॥ *ਅੰਗ - ੨੦੪*

ਸੇਈ ਪਿਆਰੇ ਮੇਲ
ਜਿਨਾ ਮਿਲਿਆਂ ਤੇਰਾ ਨਾਲ ਚਿਤ ਆਵੇ।
ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ ॥

ਵੱਡੇ ਭਾਗਾਂ ਨਾਲ ਉਸ ਦਾ ਮਿਲਾਪ ਹੋ ਜਾਵੇ ਤਾਂ ਸਾਰੇ ਦੁਖ ਖਤਮ ਹੋ ਜਾਂਦੇ ਹਨ। ਹੁਣ ਅਰਦਾਸ ਵਿਚ ਜੁੜਨਾ ਹੈ -

ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥

ਜਿਨ੍ਹਾਂ ਨੂੰ ਮਿਲਿਆਂ ਹੋਇਆਂ ਦੀ, ਰੱਬ ਦੇ ਪਿਆਰਿਆਂ ਦੀ ਸੰਗਤ ਪ੍ਰਾਪਤ ਹੋ ਗਈ ਉਨ੍ਹਾਂ ਦੇ ਵਿਛੋੜੇ ਦੇ ਝੋਰੇ ਮੁਕ ਜਾਣਗੇ। ਪਰ ਇਹ ਵੀ ਵੱਡੇ ਭਾਗਾਂ ਦੀ ਨਿਸ਼ਾਨੀ ਹੁੰਦੀ ਹੈ -

ਹਰਿ ਕੀਰਤਿ ਸਾਧਸੰਗਤਿ ਹੈ
ਸਿਰਿ ਕਰਮਨ ਕੈ ਕਰਮਾ ॥ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ ॥ *ਅੰਗ - ੬੪੨*

ਸੋ ਇਸ ਕਰਕੇ ਕਰਮਾਂ ਪ੍ਰਤੀ ਚੇਤੰਨ ਰਹਿਣਾ ਚਾਹੀਦਾ ਹੈ। ਇਨ੍ਹਾਂ ਨੂੰ ਅਨੁਭਵੀ ਮਹਾਂਪੁਰਸ਼ਾਂ ਨੇ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ - 1. ਸੰਚਿਤ ਕਰਮ 2. ਕਿਰਿਆਮਾਨ ਕਰਮ 3. ਪਰਾਲਬਧ ਕਰਮ। ਪਿਆਰੇ ਮਹਾਂਪੁਰਸ਼ਾਂ (ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ, ਬਾਨੀ ਟਰੱਸਟ ਰਤਵਾੜਾ ਸਾਹਿਬ) ਨੇ ਵੀ ਇਸ ਗੂੜ੍ਹ ਸਿਧਾਂਤ 'ਤੇ ਖੋਲ੍ਹ ਕੇ ਵੀਚਾਰਾਂ ਕੀਤੀਆਂ ਹਨ।

ਸੋ ਕਰਮਾਂ ਕਰਕੇ ਹੀ ਵਿਛੋੜਾ ਹੈ, ਕਰਮਾਂ ਕਰਕੇ ਹੀ ਮਿਲਾਪ ਸੰਭਵ ਹੈ। ਲੋੜ ਹੈ ਜੁੜੀਏ, ਅਰਦਾਸ ਵਿਚ ਕਿ -

ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

(ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਬਖਸ਼ੇ ਹੁਕਮਨਾਮੇ ਦੀ ਰੋਸ਼ਨੀ ਵਿਚ, ਮਹਾਂਪੁਰਸ਼ਾਂ ਵਲੋਂ ਕੀਤੇ ਬਚਨ)

ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫ਼ਤਹਿ।

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠੇ ਹਰੀ ਜਸ ਕਰ ਰਹੇ ਸੀ ਤੇ ਸ੍ਰੀ ਆਸਾ ਜੀ ਦੀ ਵਾਰ ਦਾ ਪਵਿੱਤਰ ਕੀਰਤਨ ਬੋਲ ਕੇ, ਸੁਣ ਕੇ, ਕਰ ਰਹੇ ਸੀ। ਉਸ ਤੋਂ ਉਪਰੰਤ ਜੋ ਮਹਾਰਾਜ ਜੀ ਦਾ ਹੁਕਮ ਹੈ ਉਹ ਵੀ ਆਪ ਨੇ ਸਰਵਣ ਕੀਤਾ ਹੈ। ਬਹੁਤ ਸਰਲ ਹੁਕਮਨਾਮੇ ਰਾਹੀਂ ਗੁਰੂ ਮਹਾਰਾਜ ਜੀ ਨੇ ਸਾਨੂੰ ਸਮਝਾਉਣ ਵਾਸਤੇ ਜੋ ਫੁਰਮਾਨ ਕੀਤਾ ਹੈ ਉਹ ਆਪ ਨੇ ਚੰਗੀ ਤਰ੍ਹਾਂ ਸਾਰਿਆਂ ਨੇ ਸਮਝ ਲਿਆ।

ਮਹਾਰਾਜ ਫੁਰਮਾਨ ਕਰਦੇ ਹਨ ਕਿ ਸਾਰੀਆਂ ਇਛਾਵਾਂ ਨੂੰ ਪੂਰੀਆਂ ਕਰਨ ਵਾਲਾ ਵਾਹਿਗੁਰੂ ਹੈ। ਉਸ ਨੂੰ ਸਿਮਰ ਕੇ ਅਸੀਂ ਭਵਜਲ ਤਰ ਸਕਦੇ ਹਾਂ ਤੇ ਨਾਲ ਤਾਕੀਦ ਕੀਤੀ ਹੈ ਕਿ ਸਤਿਨਾਮੁ ਵਾਹਿਗੁਰੂ ਦਾ ਜਾਪ ਕਰੋ, ਜਪੇ ਬਗੈਰ ਅਸੀਂ ਉਸ ਥਾਂ ਤੇ ਪਹੁੰਚ ਨਹੀਂ ਸਕਦੇ ਜਿਥੇ ਗੁਰੂ ਮਹਾਰਾਜ ਜੀ ਸਾਨੂੰ ਭਵਜਲ ਤਰਨ ਲਈ ਸੁਚੇਤ ਕਰ ਰਹੇ ਨੇ।

ਸੋ ਆਪ ਨੇ ਸਾਰਿਆਂ ਨੇ ਸਤਿਸੰਗ ਕੀਤਾ ਹੈ। ਸਤਿਸੰਗ ਦਾ ਮਹਾਤਮ ਬਹੁਤ ਵੱਡਾ ਲਿਖਿਆ ਹੈ –

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭

ਇਸ ਦੇ ਅੰਦਰ ਜੋ ਬਚਨ ਖ਼ਾਸ ਧਿਆਨ ਦੇਣ ਵਾਲਾ ਹੈ ਉਹ ਇਹ ਹੈ ਕਿ ਸੰਤਾਂ ਦੇ ਨਾਲ ਗੋਸ਼ਟ ਕਰਨ ਨਾਲ ਭਾਵੇਂ ਸਵਾ-ਛੇ ਮਿੰਟ ਵੀ ਕਰ ਲਈ ਜਾਵੇ, ਤਾਂ ਵੀ ਅਸਾਡਾ ਉਧਾਰ ਹੋ ਜਾਂਦਾ ਹੈ ਕਿਉਂਕਿ ਫਲ ਬੇਅੰਤ ਹੈ। ਸਾਰੀਆਂ ਉਮਰਾਂ ਬੀਤ ਜਾਂਦੀਆਂ ਨੇ, ਸਤਿਸੰਗ ਦੇ ਵਿਚ ਰਹਿੰਦਿਆਂ, ਹਰ ਜਸ ਕਰਦਿਆਂ। ਫੇਰ ਕੀ ਵਜ੍ਹਾ ਹੈ ਕਿ ਸਾਡੇ ਉਤੇ ਅਸਰ ਨਹੀਂ ਹੁੰਦਾ? ਸੁਣਦੇ ਹੀ ਸੁਣਦੇ ਹਾਂ ਅਸੀਂ, ਸਾਡੇ ਉਤੇ ਉਹ ਅਵਸਥਾ ਕਿਉਂ ਨਹੀਂ ਆਉਂਦੀ ਜੋ ਗੁਰੂ ਮਹਾਰਾਜ ਕਹਿੰਦੇ ਨੇ ਕਿ ਜੇ ਐਨਾ ਕੁ ਵੀ ਸਮਾਂ ਮਿਲ ਜਾਵੇ, ਉਹ ਵੀ ਬਹੁਤ ਵੱਡਾ ਲਾਭਦਾਇਕ ਹੋਇਆ ਕਰਦਾ ਹੈ।

ਇਕ ਰਾਜਾ ਸੀ ਜਿਸ ਦਾ ਨਾਮ ਪਰੀਖਿਤ ਸੀ। ਉਸ ਦੇ ਸਮੇਂ ਦੇ ਅੰਦਰ ਕਲਜੁਗ ਨੇ ਪੈਰ ਰੱਖ ਲਿਆ ਤੇ ਇਸ ਦਾ ਵਿਵਾਦ ਹੋਇਆ ਕਲਜੁਗ ਦੇ ਨਾਲ ਕਿ ਮੈਂ ਆਪਣੇ ਰਾਜ ਦੇ ਵਿਚ ਤੈਨੂੰ ਨਹੀਂ ਆਉਣ ਦੇਣਾ।

ਉਹ ਕਹਿਣ ਲੱਗਿਆ, "ਰਾਜਨ! ਤੂੰ ਇਕ ਥੋੜ੍ਹੀ ਜਿਹੀ ਜ਼ਮੀਨ ਦਾ ਮਾਲਕ ਹੈਂ ਤੇਰੀ ਉਮਰ ਛੋਟੀ ਜਿਹੀ ਹੈ ਤੇ ਮੈਂ ਜਿਥੇ ਤਕ ਵੀ ਦੁਨੀਆਂ ਹੈ ਉਥੇ ਤੱਕ ਦਾ ਰਾਜਾ ਹਾਂ ਅਤੇ ਮੇਰੀ ਉਮਰ 4,32,000 ਸਾਲ ਹੈ। ਸਮਾਂ ਨਾ ਤਾਂ ਰੋਕਿਆਂ ਰੁਕਦਾ ਹੈ, ਸਮੇਂ ਸਿਰ ਆਪਣੀ ਵਾਰੀ ਆ ਜਾਣੀ ਹੈ, ਤੇਰਾ ਰੋਕਿਆ ਹੋਇਆ ਨਹੀਂ ਰੁਕਣਾ ਪਰ ਤੂੰ ਬੜਾ ਧਰਮੀ-ਕਰਮੀ ਹੈਂ, ਤੂੰ ਮੈਨੂੰ ਇਸ ਤਰ੍ਹਾਂ ਦਸ ਕਿ ਜਿੰਨਾ ਚਿਰ ਤੇਰਾ ਰਾਜ ਹੈ ਮੈਂ ਕਿਸ ਥਾਂ ਤੇ ਰਹਾਂ?" ਸੋਚ-ਸੋਚ ਕੇ ਰਾਜੇ ਨੇ ਕਿਹਾ ਕਿ ਤੂੰ ਸੋਨੇ ਵਿਚ ਰਹਿ। ਉਸ ਵੇਲੇ ਬੜਾ ਅਮਨ-ਅਮਾਨ ਦਾ ਰਾਜ ਚਲਦਾ ਰਿਹਾ, ਦੁਆਪਰ ਯੁੱਗ ਦੇ ਮੁਤਾਬਿਕ ਹੀ ਲੋਕਾਂ ਦੇ ਖਿਆਲ ਰਹੇ, ਰਾਜੇ ਦਾ ਵੀ ਖਿਆਲ ਸਤਿ-ਧਰਮ ਵਿਚ ਰਿਹਾ ਪਰ ਇਕ ਦਿਨ ਉਸ ਨੇ ਤਾਜ ਸਿਰ ਤੇ ਰੱਖ ਕੇ ਬਾਹਰ ਜਾਣ ਦਾ ਇਰਾਦਾ ਕੀਤਾ। ਜੰਗਲ ਵਿਚ ਚਲਿਆ ਜਾਂਦਾ ਹੈ ਤੇ ਉਥੇ ਇਕ ਹਿਰਨ ਨਿਕਲਿਆ, ਉਸ ਦੇ ਮਗਰ ਘੋੜਾ ਲਾਉਂਦਾ ਹੈ, ਹਿਰਨ ਅੱਖਾਂ ਤੋਂ ਓਹਲੇ ਹੋ ਗਿਆ। ਅੱਗੇ ਇਕ ਰਿਸ਼ੀ, ਸਮਾਧੀ ਵਿਚ ਲੀਨ, ਪ੍ਰਭੂ ਦਾ ਚਿੰਤਨ ਕਰ ਰਿਹਾ ਸੀ ਤੇ ਇਕ ਰਸ ਸਮਾਧੀ ਲੱਗੀ ਹੋਈ ਸੀ ਉਸਨੇ ਸੁਰਤ ਨੂੰ ਸੰਕੋਚਿਆ ਹੋਇਆ ਸੀ ਸਾਰਿਆਂ ਪਾਸਿਆਂ ਤੋਂ

ਅਤੇ ਆਪਣੇ ਸਰੀਰ ਤੋਂ ਵੀ ਬਹੁਤ ਗਹਿਰਾ ਗਿਆ ਹੋਇਆ ਸੀ।

ਇਹ ਰਾਜਾ ਜਾ ਕੇ ਉਸ ਨੂੰ ਪੁਛਦਾ ਹੈ ਕਿ ਸੰਤ ਜੀ! ਤੁਸੀਂ ਹਿਰਨ ਨਹੀਂ ਦੇਖਿਆ ਇਥੋਂ ਜਾਂਦਾ? ਉਹ ਬੋਲੇ ਨਹੀਂ 5-7 ਵਾਰੀ ਉਸ ਨੇ ਬੁਲਾਉਣ ਦਾ ਜਤਨ ਕਰਿਆ। ਅਖੀਰ ਮਨ ਵਿਚ ਇਹ ਖਿਆਲ ਆਇਆ ਕਿ ਇਹ ਪਾਖੰਡੀ ਹੋ ਕੇ ਇਸੇ ਤਰ੍ਹਾਂ ਪਾਖੰਡ ਕਰਕੇ ਮੈਨੂੰ ਦਿਖਾ ਰਿਹਾ ਹੈ, ਅੱਖਾਂ ਮੀਚ ਕੇ। ਅੱਜ-ਤੱਕ ਐਸਾ ਭੈੜਾ ਖਿਆਲ ਉਸ ਦੇ ਮਨ ਵਿਚ ਨਹੀਂ ਸੀ ਆਇਆ। ਅੱਜ ਕਿਉਂ ਆਇਆ? ਕਿਉਂਕਿ ਉਸ ਨੇ ਸੋਨੇ ਦਾ ਤਾਜ ਪਹਿਨਿਆ ਹੋਇਆ ਸੀ ਤੇ ਉਸ ਦੇ ਵਿਚ ਕਲਜੁੱਗ ਦਾ ਨਿਵਾਸ ਸੀ, ਉਸ ਨੇ ਬੁੱਧੀ ਭ੍ਰਿਸ਼ਟ ਕਰ ਦਿਤੀ ਸੀ।

ਉਸ ਵੇਲੇ ਨੇੜੇ ਹੀ ਇਕ ਸੱਪ ਮਰਿਆ ਪਿਆ ਸੀ ਜੋ ਉਸ ਨੇ ਤੀਰ ਨਾਲ ਚੁਕਿਆ ਤੇ ਸੰਤਾਂ ਦੇ ਗਲ ਵਿਚ ਪਾ ਦਿਤਾ। ਆਪ ਚਲਿਆ ਜਾਂਦਾ ਹੈ ਤੇ ਪਿਛੋਂ ਜਦੋਂ ਉਸ ਦਾ ਚੇਲਾ ਆਉਂਦਾ ਹੈ, ਉਸ ਨੇ ਦੇਖਿਆ ਕਿ ਮੇਰੇ ਸਤਿਗੁਰੂ ਦੀ ਨਿਰਾਦਰੀ ਕੀਤੀ ਹੈ। ਉਸ ਵੇਲੇ ਉਹ ਸਹਿ ਨਾ ਸਕਿਆ ਤੇ ਬਚਨ ਕਰ ਦਿਤਾ ਕਿ ਜਿਸ ਕਿਸੇ ਨੇ ਵੀ ਇਹ ਸੱਪ ਗਲ ਦੇ ਦੁਆਲੇ ਪਾਇਆ ਹੈ ਉਹ ਸੱਪ ਦੇ ਡੰਗ ਨਾਲ ਹੀ ਅੱਜ ਤੋਂ ਸੱਤਵੇਂ ਦਿਨ ਨੂੰ ਮਰ ਜਾਏਗਾ।

ਰਿਸ਼ੀ ਜੀ ਸਮਾਧੀ ਤੋਂ ਉਥਾਨ ਹੋਏ ਤਾਂ ਸਾਰੀ ਵਾਰਤਾ ਦਾ ਪਤਾ ਲੱਗਿਆ। ਆਪਣੇ ਸ਼ਿਸ਼ ਨੂੰ ਕਹਿਣ ਲੱਗੇ, "ਬੇਟਾ! ਉਹ ਤਾਂ ਧਰਮੀ ਰਾਜਾ ਹੈ, ਕੋਈ ਬਚਨ ਤਾਂ ਨਹੀਂ ਤੂੰ ਕਰ ਦਿਤਾ?"

ਕਹਿਣ ਲੱਗਿਆ, "ਮਹਾਰਾਜ! ਉਹ ਧਰਮੀ ਕਾਹਦਾ ਜਿਸ ਨੇ ਸੰਤ ਦਾ ਨਿਰਾਦਰ ਕਰ ਦਿਤਾ ਤੇ ਸੰਤ ਦੇ ਨਿਰਾਦਰ ਕਰਨ ਵਾਲੇ ਨੂੰ ਤਾਂ ਪੂਰਾ ਡੰਨ ਮਿਲਣਾ ਚਾਹੀਦਾ ਹੈ ਤੇ ਮੈਂ ਨਿਰਾਦਰ ਨਹੀਂ ਸਹਿ ਸਕਿਆ, ਮੈਂ ਤਾਂ ਬਚਨ ਕਰ ਦਿਤਾ।

ਕਹਿਣ ਲੱਗੇ, "ਬੜਾ ਮਾੜਾ ਕੰਮ ਕਰਿਆ। ਉਹ ਰਾਜਾ ਚੰਗਾ ਸੀ ਪਰ ਉਸ ਨੇ ਤਾਜ ਪਹਿਨਿਆ ਹੋਇਆ ਸੀ, ਕਲਜੁੱਗ ਦਾ ਨਿਵਾਸ ਸੋਨੇ ਵਿਚ ਸੀ ਇਸ ਕਰਕੇ ਇਸ ਦੀ ਬੁੱਧੀ ਕਲਜੁੱਗ ਨੇ ਹਿਲਾ ਦਿਤੀ। ਹੁਣ ਤੇਰਾ ਬਚਨ ਤਾਂ ਨਹੀਂ ਨਿਹਫਲ ਜਾਣਾ, ਬਦਲਿਆ ਨਹੀਂ ਜਾ ਸਕਦਾ। ਨਾ ਮੈਂ ਬਦਲ ਸਕਦਾ ਹਾਂ, ਨਾ ਦੁਨੀਆਂ ਦੀ ਕੋਈ ਤਾਕਤ ਹੈ, ਜਿਹੜੀ ਬਚਨ ਬਦਲ ਦੇਵੇ। ਉਹ ਰਾਜਾ ਪਰੀਖਿਤ ਸੀ। ਤੂੰ ਉਸ ਨੂੰ ਜਾ ਕੇ ਦਸ ਦੇ ਕਿ ਅੱਜ ਤੋਂ ਸੱਤਵੇਂ ਦਿਨ ਨੂੰ ਉਸ ਨੇ ਚੜ੍ਹਾਈ ਕਰ ਜਾਣਾ ਅਤੇ ਕਹੀਂ ਕਿ ਤੂੰ ਹਰੀ ਦੀ ਕਥਾ ਸੁਖਦੇਵ ਮੁਨੀ ਨੂੰ ਬੁਲਾ ਕੇ ਸੁਣ। ਹੋਰ ਕੋਈ ਐਸਾ ਸਮਰੱਥ ਨਹੀਂ ਹੈ ਜਿਹੜਾ ਤੈਨੂੰ ਪ੍ਰਭੂ ਦੀ ਕਥਾ ਸੁਣਾ ਸਕੇ।

ਜਦੋਂ ਰਾਜੇ ਨੂੰ ਪਤਾ ਲਗਦਾ ਹੈ ਉਸ ਵੇਲੇ ਉਸ ਨੇ ਹੁਕਮ ਦੇ ਦਿਤਾ ਕਿ ਦਰਿਆ ਦੇ ਅੰਦਰ (ਵਿਚਕਾਰ) ਇਕ ਕਮਰਾ ਬਣਾਇਆ ਜਾਵੇ। ਜਿਸ ਦੇ ਚਾਰੇ ਪਾਸੇ ਸ਼ੀਸ਼ੇ ਲਗਾਏ ਜਾਣ ਤੇ ਪਹਿਰੇ ਲਾ ਦਿਤੇ ਜਾਣ। ਦਿਨ-ਰਾਤ ਚਾਨਣਾ ਰਹੇ ਤੇ ਕੋਈ ਸੱਪ ਕੀੜਾ, ਮੱਛਰ, ਮੱਖੀ ਅੰਦਰ ਨਾ ਜਾ ਸਕੇ। ਪਾਣੀ ਤੋਂ ਉਚਾ ਕਰਕੇ ਬਣਾਇਆ ਜਾਵੇ। ਇਸੇ ਤਰ੍ਹਾਂ ਦਾ ਹੀ ਇੰਤਜ਼ਾਮ ਹੋ ਗਿਆ ਤਾਂ ਉਸ ਨੇ ਸੁਖਦੇਵ ਮੁਨੀ ਨੂੰ ਬੁਲਾਇਆ, ਸਾਰੀ ਵਾਰਤਾ ਦੱਸੀ। ਉਨ੍ਹਾਂ ਨੇ ਦੇਖ ਲਿਆ ਅਨੁਭਵ ਦੇ ਨਾਲ ਕਿ ਅੱਜ ਤੋਂ ਸਤਵੇਂ ਨੂੰ ਇਸ ਨੇ ਸੰਸਾਰ ਛੱਡ ਜਾਣਾ ਹੈ ਤੇ ਇਹ ਜੀਵਨ ਭਰ ਸ਼ੁਭ ਕਰਮਾਂ ਵਿਚ ਬੜਾ ਸੂਰਮਾ ਰਿਹਾ ਹੈ ਤੇ ਇਹ ਭਵਜਲ ਤੋਂ ਪਾਰ ਲੰਘਣਾ ਚਾਹੀਦਾ ਹੈ।

ਉਸ ਵੇਲੇ ਉਸ ਨੇ ਕਥਾ ਕਰਨੀ ਸ਼ੁਰੂ ਕਰ ਦਿਤੀ, ਸਮਾਂ ਰੱਖ ਲਿਆ ਤੇ ਵੇਲੇ ਸਿਰ ਕਥਾ ਹੁੰਦੀ ਹੈ। ਜਦੋਂ ਪਹਿਲੇ ਦਿਨ ਕਥਾ ਕੀਤੀ ਤਾਂ ਕਹਿਣ ਲੱਗੇ, "ਰਾਜਨ! ਇਹ ਦਸ, ਤੇਰਾ ਮਨ ਟਿਕਿਆ ਅੱਜ?"

ਕਹਿੰਦਾ, "ਨਹੀਂ ਮਹਾਰਾਜ! ਮੇਰਾ ਮਨ ਨਹੀਂ ਟਿਕਿਆ।"

ਕਹਿਣ ਲੱਗੇ, 'ਕੀ ਸੀ ਤੇਰੇ ਮਨ ਵਿਚ?"

ਕਹਿੰਦਾ, "ਮੇਰੇ ਮਨ ਵਿਚ ਇਹ ਸੀ ਕਿ ਹੁਣ ਮੈਂ ਚਲਿਆ ਜਾਣਾ ਹੈ। ਰਾਜ ਕਿਵੇਂ ਚੱਲੇਗਾ? ਰਾਣੀਆਂ ਦਾ ਕੀ ਹਾਲ ਹੋਏਗਾ? ਜੋ ਦੋਖੀ ਨੇ ਰਾਜ ਦੇ ਉਨ੍ਹਾਂ ਲਈ ਜਰਨੈਲਾਂ ਨੂੰ ਹਦਾਇਤਾਂ ਦੇਣੀਆਂ ਚਾਹੀਦੀਆਂ ਹਨ ਕਿ ਮੇਰੇ ਮਗਰੋਂ ਇਸ ਤਰ੍ਹਾਂ ਰਹਿਣਾ ਹੈ। ਸੋ ਇਸ ਉਧੇੜ-ਬੁਣ ਵਿਚ ਮੇਰਾ ਸਮਾਂ ਲੰਘ ਗਿਆ, ਮੈਨੂੰ ਨਹੀ ਪਤਾ ਲੱਗਿਆ ਕਿ ਤੁਸੀਂ ਕੀ ਕਿਹਾ ਹੈ।" ਕਥਾ ਆਰੰਭ ਹੋਣ ਦਾ ਪਤਾ ਹੈ ਅਤੇ ਹੁਣ ਸਮਾਪਤ ਹੋਣ ਤੇ ਪਤਾ ਲੱਗਿਆ ਹੈ ਕਿ ਮੈਂ

ਕਥਾ ਸੁਣਨ ਬੈਠਾ ਸੀ। ਪਰ ਕੁਝ ਪਤਾ ਨਹੀਂ ਲੱਗਿਆ।

ਕਹਿਣ ਲੱਗੇ, "ਕੱਲ੍ਹ ਨੂੰ ਫੇਰ ਤੂੰ ਚੰਗੀ ਤਰ੍ਹਾਂ ਕਥਾ ਸੁਣੀਂ।"

ਦੂਸਰੇ ਦਿਨ ਸੁਣਾਈ ਫੇਰ ਪੁਛਿਆ ਕਿ ਤੇਰਾ ਚਿਤ ਇਕਾਗਰ ਹੋਇਆ?

ਕਹਿੰਦਾ, "ਨਹੀਂ ਮਹਾਰਾਜ! ਮੇਰਾ ਚਿਤ ਇਕਾਗਰ ਨਹੀਂ ਹੋ ਸਕਿਆ। ਇਹ ਰਾਣੀਆਂ ਦੇ ਵਿਚ, ਰਾਜਕੁਮਾਰਾਂ ਵਿਚ, ਖਜ਼ਾਨਿਆਂ ਵਿਚ ਤੇ ਮਹਿਲਾਂ ਦੇ ਅੰਦਰ ਘੁੰਮਦਾ ਰਿਹਾ।"

ਕਹਿੰਦੇ, "ਤੂੰ ਕੱਲ੍ਹ ਨੂੰ ਸਾਵਧਾਨ ਹੋ ਕੇ ਕਥਾ ਸੁਣੀਂ।"

ਤੀਸਰੇ ਦਿਨ ਵੀ ਇਹੀ ਹਾਲ ਹੋਇਆ, ਚੌਥੇ ਦਿਨ ਵੀ ਇਹੀ ਹੋਇਆ। ਜਦੋਂ ਸੁਖਦੇਵ ਮੁਨੀ ਨੇ ਦੇਖਿਆ ਕਿ ਇਸ ਦਾ ਚਿਤ ਇਕਾਗਰ ਨਹੀਂ ਹੁੰਦਾ। ਜਦੋਂ ਤੱਕ ਚਿਤ ਇਕਾਗਰ ਨਹੀਂ ਹੁੰਦਾ ਉਦੋਂ ਤੱਕ ਕਿਸੇ ਕਥਾ ਦਾ, ਕਿਸੇ ਉਪਦੇਸ਼ ਦਾ, ਕੋਈ ਫਾਇਦਾ ਨਹੀਂ ਹੋਇਆ ਕਰਦਾ ਕਿਉਂਕਿ ਜਿਹੜਾ ਸੁਣਨ ਵਾਲਾ ਹੈ, ਉਹ ਸੁਣ ਨਹੀਂ ਰਿਹਾ। ਜਿਸਨੇ ਬਚਨ ਅੰਦਰ ਲੈ ਕੇ ਜਾਣਾ ਹੈ ਉਹ ਗੈਰ-ਹਾਜ਼ਰ ਹੈ।

ਉਹ ਕਹਿਣ ਲੱਗੇ, "ਰਾਜਨ! ਅੱਜ ਪੰਜਵਾਂ ਦਿਨ ਹੋ ਗਿਆ। ਛੇਵਾਂ ਕੱਲ੍ਹ ਨੂੰ ਹੈ ਤੇ ਸੱਤਵੇਂ ਨੂੰ ਭਾਣਾ ਵਰਤਣਾ ਹੈ। ਸੱਪ ਨੇ ਆ ਜਾਣਾ ਹੈ ਰੋਕਿਆ ਰੁਕਣਾ ਨਹੀਂ ਕਿਉਂਕਿ ਸਾਧੂ ਦਾ ਬਚਨ ਹੈ। ਇਸ ਕਰਕੇ ਤੇਰੇ ਕੋਲ ਸਿਰਫ ਤਿੰਨ ਦਿਨ ਰਹਿ ਗਏ, ਥੋੜ੍ਹਾ ਸਮਾਂ ਹੈ ਤੇਰੇ ਕੋਲ ਪਰ ਜੇ ਤੂੰ ਇਕ ਘੜੀ ਵਾਸਤੇ ਵੀ ਚਿਤ ਇਕਾਗਰ ਕਰ ਲਵੇਂ ਤਾਂ ਵੀ ਤੈਨੂੰ ਇਹ ਫਲ ਪ੍ਰਾਪਤ ਹੋ ਸਕਦਾ ਹੈ, ਭਵਜਲ 'ਚੋਂ ਤਰ ਜਾਏਂਗਾ ਕਿਉਂਕਿ ਐਸੀ ਕਥਾ ਮਹਾਂਪੁਰਸ਼ ਸੁਣਾਇਆ ਕਰਦੇ ਹਨ ਕਿ ਇਕ ਰਾਜਾ ਹੋਇਆ ਹੈ ਜਿਸ ਦਾ ਨਾਮ ਪ੍ਰਿਥੂ ਸੀ, ਸਵਰਗ ਲੋਕਾਂ ਵਿਚ ਇੰਦਰ ਦੀ ਮਦਦ ਦੇ ਲਈ ਗਿਆ ਤੇ ਇੰਦਰ ਨੇ ਉਸ ਨੂੰ ਦਸਿਆ ਕਿ ਤੇਰਾ ਜੋ ਜੀਵਨ ਹੈ ਉਹ ਸਿਰਫ 4 ਪਹਿਰ ਰਹਿ ਗਿਆ ਤੇ ਤੂੰ ਦੱਸ ਤੈਨੂੰ ਕੀ ਚਾਹੀਦਾ ਹੈ? ਇਸ ਤੋਂ ਬਾਅਦ ਤੂੰ ਚੜ੍ਹਾਈ ਕਰ ਜਾਏਂਗਾ।

ਕਹਿਣ ਲੱਗਿਆ, "ਮੈਨੂੰ ਤੁਸੀਂ ਕੋਈ ਐਸਾ ਬਚਨ ਸੁਣਾਓ, ਕੋਈ ਐਸੀ ਕਥਾ ਸੁਣਾਓ, ਜਿਸ ਦੇ ਨਾਲ ਮੇਰਾ ਜਨਮ-ਮਰਨ ਖਤਮ ਹੋ ਜਾਵੇ ਤੇ ਮੈਂ ਭਵਜਲ ਤਰ ਜਾਵਾਂ?" ਉਸ ਵੇਲੇ ਇੰਦਰ ਕਹਿਣ ਲੱਗਿਆ ਕਿ ਸਮਾਂ ਇੰਨਾ ਥੋੜ੍ਹਾ ਹੈ ਕਿ ਜੇ ਅਸੀਂ ਤੈਨੂੰ ਮ੍ਰਿਤੂ ਲੋਕ ਦੇ ਅੰਦਰ ਭੇਜਦੇ ਹਾਂ ਤਾਂ ਸਮਾਂ ਲੰਘ ਜਾਣਾ ਹੈ ਤੇ ਇਥੇ ਸਵਰਗ ਲੋਕਾਂ ਵਿਚ ਫਲ ਨਹੀਂ ਹੋਇਆ ਕਰਦਾ ਕਿਸੇ ਕਰਮ ਦਾ ਵੀ, ਇਹ ਭੋਗ ਲੋਕ ਹਨ। ਸੰਸਾਰ ਦੇ ਅੰਦਰ ਜੀਵ ਜੋ ਕਰਮ ਕਰਕੇ ਆਉਂਦਾ ਹੈ ਇਥੇ ਭੋਗਦਾ ਹੈ। ਜਿੰਨਾਂ ਸਮਾਂ ਇਸ ਨੂੰ ਮਿਲਦਾ ਹੈ ਓਨੀ ਦੇਰ ਇਥੇ ਰਹਿੰਦਾ ਹੈ। ਇਥੇ ਕਿਸੇ ਕਰਮ ਦਾ ਫਲ ਨਹੀਂ ਹੈ ਕਿਸੇ ਚੀਜ਼ ਦਾ ਨਾ ਇਥੇ ਪਾਪ ਹੈ, ਨਾ ਇਥੇ ਪੁੰਨ ਹੈ - ਇਹ ਭੋਗ ਲੋਕ ਹੈ। ਸੋ ਇਸ ਤਰ੍ਹਾਂ ਦੀ ਵਿਚਾਰ ਕਰਦੇ ਨੇ। ਉਹ ਕਹਿਣ ਲੱਗਿਆ, "ਮੈਨੂੰ ਕਿਸੇ ਤਰੀਕੇ ਨਾਲ ਉਥੇ ਪਹੁੰਚਾਓ।"

ਕਹਿਣ ਲੱਗੇ, "ਦੇਖ, ਅੱਠ ਪਹਿਰ ਲਗਦੇ ਨੇ ਤੈਨੂੰ ਉਥੇ ਭੇਜਣ ਵਾਸਤੇ ਪਰ ਕਿਉਂਕਿ ਸਮਾਂ ਬਹੁਤ ਥੋੜ੍ਹਾ ਰਹਿ ਗਿਆ ਤੇ ਤੈਨੂੰ ਅਸੀਂ ਭੇਜਦੇ ਹਾਂ।

ਜਿਸ ਵਕਤ ਮ੍ਰਿਤੂ ਮੰਡਲ ਵਿਚ ਆ ਜਾਂਦਾ ਹੈ, ਮ੍ਰਿਤੂ ਮੰਡਲ ਮੌਤ ਦੇ ਮੰਡਲ ਨੂੰ ਕਹਿੰਦੇ ਹਨ ਜਿਸ ਦੇ ਵਿਚ ਅਸੀਂ ਵਸਦੇ ਹਾਂ, ਇਹ ਰਹਿਣ ਵਾਲਾ ਥਾਂ ਨਹੀਂ ਹੈ। ਇਥੇ ਜਿਹੜਾ ਵੀ ਆਇਆ ਹੈ ਉਸ ਨੇ ਜਾਣਾ-ਹੀ-ਜਾਣਾ ਹੈ। ਇਹ ਜੀਵ ਅਗਿਆਨ ਵਿਚ ਆ ਕੇ, ਕੂੜਿਆਂ ਪਸਾਰਿਆਂ ਵਿਚ ਪੈ ਕੇ -

ਬੈਰ ਬਿਰੋਧ ਕਾਮ ਕ੍ਰੋਧ ਮੋਹ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥ *ਅੰਗ - ੨੬੭*

ਇਸ ਦੇ ਵਿਚ ਜਨਮ ਬਰਬਾਦ ਕਰ ਲੈਂਦਾ ਹੈ, ਫਿਕਰਾਂ ਵਿਚ ਪੈ ਕੇ, ਵੈਰਾਂ ਵਿਚ ਪੈ ਕੇ, ਰਾਗ ਤੇ ਦ੍ਵੈਸ਼ ਵਿਚ ਪੈ ਕੇ, ਅਸਲੀ ਚੀਜ਼ ਤੋਂ ਖੁੰਝ ਜਾਂਦਾ ਹੈ। ਇਸ ਨੂੰ ਉਹ ਅਵਸਥਾ ਪ੍ਰਾਪਤ ਨਹੀਂ ਹੁੰਦੀ ਜਿਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰ-ਬਾਰ ਆਉਂਦਾ ਹੈ। ਇਹ ਇਥੇ ਹੀ ਖਪ-ਖੁਪ ਕੇ ਫੇਰ ਚਲਿਆ ਜਾਂਦਾ ਹੈ, ਫੇਰ ਜਨਮ ਲੈ ਲੈਂਦਾ ਹੈ, ਫੇਰ ਮਰ ਜਾਂਦਾ ਹੈ ਲੇਕਿਨ ਇਹ ਮ੍ਰਿਤੂ ਲੋਕ ਐਨਾ ਫਲਦਾਇਕ ਹੈ ਕਿ ਇਥੇ ਆਉਣ ਨੂੰ ਦੇਵਤਾ ਲੋਕ ਵੀ ਲੋਚਦੇ ਨੇ ਕਿਉਂਕਿ ਕਰਮ ਭੂਮੀ ਹੈ, ਇਹ। ਇਥੇ ਦਾ ਬੀਜਿਆ ਹੋਇਆ ਨਾਮ ਸਫਲ ਹੁੰਦਾ ਹੈ ਹੋਰ ਕੋਈ ਮੰਡਲ ਐਸਾ ਨਹੀਂ ਜਿਥੇ ਦਾ ਬੀਜਿਆ

ਹੋਇਆ ਨਾਮ ਸਫਲ ਹੋਵੇ।

ਉਸ ਵੇਲੇ ਇੰਦਰ ਨੇ ਕਿਹਾ, "ਪ੍ਰਿਥੂ! ਹੁਣ ਤੋਂ ਬਾਅਦ ਸਿਰਫ ਸਾਢੇ ਚੌਵੀ ਮਿੰਟ ਤੇਰੇ ਰਹਿ ਗਏ। ਉਸ ਤੋਂ ਬਾਅਦ ਤੂੰ ਸਰੀਰ ਛੱਡ ਦੇਣਾ ਹੈ ਤੇ ਹੁਣ ਜੇ ਤੂੰ ਚਿੱਤ-ਬਿਰਤੀ ਇਕਾਗਰ ਕਰਕੇ ਮਹਾਂਪੁਰਸ਼ਾਂ ਤੋਂ ਪ੍ਰਭੂ ਦੀ ਕਥਾ ਸੁਣੇਂ ਤਾਂ ਤੇਰਾ ਐਨੀ ਦੇਰ ਵਿਚ ਵੀ ਉਧਾਰ ਹੋ ਸਕਦਾ ਹੈ, ਇਕ ਘੜੀ ਦੇ ਵਿਚ। ਕਹਿਣ ਲੱਗਿਆ, "ਮਹਾਰਾਜ! ਮੈਂ ਹੁਣ ਕਿਥੋਂ ਮਹਾਤਮਾ ਨੂੰ ਲੱਭਾਂਗਾ। ਮੈਨੂੰ ਲੱਭਦੇ ਨੂੰ ਹੀ ਚਿਰ ਲੰਘ ਜਾਏਗਾ, ਹੁਣ ਤੁਸੀਂ ਹੀ ਕ੍ਰਿਪਾ ਕਰੋ ਤੇ ਮੈਨੂੰ ਇਹ ਬਚਨ ਸੁਣਾਓ ਜਿਸ ਨੂੰ ਸਤਿਸੰਗ ਕਹਿੰਦੇ ਨੇ, ਆਤਮ ਕਥਾ ਕਹਿੰਦੇ ਨੇ ਤੇ ਮੈਂ ਤੁਹਾਡੇ ਵਿਚ ਗੁਰੂ ਭਾਵਨਾ ਲਿਆਉਂਦਾ ਹਾਂ, ਹੁਣ ਤੁਸੀਂ ਧਰਤੀ ਦੇ ਉਤੇ ਹੋ। ਤੁਹਾਡੇ ਬਚਨ ਜਿਹੜੇ ਨੇ ਉਹ ਫਲਣਗੇ।

ਸੁਖਦੇਵ ਮੁਨੀ ਕਹਿਣ ਲੱਗੇ ਕਿ ਉਸ ਵੇਲੇ ਪ੍ਰਿਥੂ ਰਾਜੇ ਨੂੰ ਇੰਦਰ ਨੇ ਸਿਰਫ ਇਕ ਘੜੀ ਆਤਮ ਕਥਾ ਸੁਣਾਈ ਜਿਸ ਦੇ ਨਾਲ ਉਸ ਦੀ ਮੁਕਤੀ ਹੋ ਗਈ। ਉਸ ਨੇ ਚਿਤ ਬਿਰਤੀ ਇਕਾਗਰ ਕਰਕੇ ਇਸ ਨੂੰ ਸੁਣਿਆ। ਹੇ ਪਰੀਖਿਤ! ਤੇਰੇ ਕੋਲ ਅੱਜ ਦਾ ਤੇ ਕੱਲ੍ਹ ਦਾ ਦਿਨ ਹੈ ਪਰਸੋਂ ਨੂੰ ਭੋਗ ਪੈ ਜਾਣਾ ਹੈ ਤੇ ਤੂੰ ਚਿੱਤ ਬਿਰਤੀ ਇਕਾਗਰ ਕਰ।

ਕਹਿਣ ਲੱਗਿਆ, "ਮਹਾਰਾਜ! ਮੈਂ ਕੀ ਕਰਾਂ? ਮੈਂ ਬੜਾ ਜਤਨ ਕੀਤਾ, ਮੇਰੀ ਚਿਤ ਬਿਰਤੀ ਇਕਾਗਰ ਨਹੀਂ ਹੁੰਦੀ। ਪੰਜ ਬਿਰਤੀਆਂ ਹੁੰਦੀਆਂ ਹਨ ਉਨ੍ਹਾਂ ਵਿਚ ਮੇਰਾ ਧਿਆਨ ਘੁੰਮੀ ਜਾਂਦਾ ਹੈ। ਕਦੇ ਕਿਸੇ ਵਿਚ ਜਾਂਦਾ ਹੈ, ਕਦੇ ਕਿਸੇ ਵਿਚ।

ਕਹਿਣ ਲੱਗੇ, "ਅੱਛਾ ਰਾਜਨ! ਤੂੰ ਨਿਆਂਕਾਰੀ ਰਾਜਾ ਹੈਂ। ਤੇਰੇ ਕੋਲ ਅਸੀਂ ਇਕ ਗੱਲ ਕਰਦੇ ਹਾਂ ਤੂੰ ਉਸਦਾ ਫੈਸਲਾ ਕਰੀਂ।"

ਕਹਿੰਦਾ, "ਫੇਰ ਦੱਸੋ, ਮਹਾਰਾਜ।"

ਕਹਿਣ ਲੱਗੇ, "ਇਕ ਰਾਜਾ ਸ਼ਿਕਾਰ ਖੇਡਣ ਜਾਂਦਾ ਹੈ, ਸਰਦੀ ਦਾ ਮਹੀਨਾ ਹੈ, ਬਰਫ ਪੈਂਦੀ ਹੈ। ਰਾਤ ਪੈ ਗਈ, ਰਸਤਾ ਭੁੱਲ ਗਿਆ। ਉਸ ਵੇਲੇ ਡਰ ਹੈ ਕਿ ਸਰਦੀ ਦੇ ਨਾਲ ਮੈਂ ਮਰ ਜਾਵਾਂਗਾ, ਜੇ ਮੈਨੂੰ ਕੋਈ ਜਗ੍ਹਾ ਨਾ ਮਿਲੀ। ਜੰਗਲ ਵਿਚ ਕੋਈ ਜਗ੍ਹਾ ਨਹੀਂ। ਦੂਰ ਉਸ ਨੂੰ ਇਕ ਦੀਵਾ ਜਲਦਾ ਨਜ਼ਰ ਆਇਆ, ਉਸ ਥਾਂ ਤੇ ਪਹੁੰਚਿਆ। ਵੱਡੀ ਰਾਤ ਗਈ ਹੋਈ ਹੈ ਤੇ ਉਸ ਥਾਂ ਤੇ ਜਾ ਕੇ ਕੀ ਦੇਖਦਾ ਹੈ ਕਿ ਉਸ ਘਰ ਦੇ ਦੁਆਲੇ ਪਸ਼ੂਆਂ ਦੀਆਂ ਹੱਡੀਆਂ ਪਈਆਂ ਨੇ। ਕਿਤੇ ਸਿਰ ਪਿਆ ਹੈ, ਕਿਤੇ ਹੱਡ ਪਏ ਨੇ, ਕਿਤੇ ਪਿੰਜਰ ਪਿਆ ਹੈ। ਬਦਬੂ ਆ ਰਹੀ ਹੈ ਬਹੁਤ ਜ਼ਬਰਦਸਤ। ਨੱਕ ਬੰਦ ਕਰਕੇ ਅੱਗੇ ਜਾਂਦਾ ਹੈ ਉਹ ਇਕ ਚੰਡਾਲ ਦਾ ਘਰ ਹੈ ਉਥੇ ਜਾ ਕੇ ਕਹਿਣ ਲੱਗਿਆ ਕਿ ਮੈਂ ਰਾਜਾ ਹਾਂ ਇਸ ਦੇਸ਼ ਦਾ ਤੇ ਤੂੰ ਮੈਨੂੰ ਇਕ ਰਾਤ ਕੱਟਣ ਨੂੰ ਥਾਂ ਦੇ-ਦੇ। ਥੋੜ੍ਹੀ ਜਿਹੀ ਰਾਤ ਬਚਦੀ ਹੈ, ਨਹੀਂ ਮੈਂ ਮਰ ਜਾਵਾਂਗਾ।

ਉਸ ਵੇਲੇ ਉਹ ਕਹਿਣ ਲੱਗਿਆ, "ਰਾਜਨ! ਮੇਰੀ ਜਿਹੜੀ ਜਾਤੀ ਹੈ ਉਹ ਚੰਡਾਲ ਹੈ ਤੇ ਤੇਰਾ ਮੇਰੇ ਕੋਲ ਰਹਿਣਾ ਨਹੀਂ ਬਣਦਾ। ਤੂੰ ਉਤਮ ਜਾਤੀ ਦਾ ਹੈਂ, ਮੇਰੇ ਪਾਸ ਨਹੀਂ ਤੂੰ ਠਹਿਰ ਸਕਦਾ।"

ਉਸ ਰਾਜੇ ਨੇ ਕਿਹਾ ਕਿ ਮੈਂ ਸਰੀਰ ਛੱਡ ਜਾਵਾਂਗਾ, ਐਨੀ ਜ਼ਿਆਦਾ ਠੰਢ ਹੈ। ਤੂੰ ਮੈਨੂੰ ਇਕ ਕੋਨਾ ਦੇ-ਦੇ, ਮੈਂ ਉਥੇ ਬੈਠ ਕੇ ਕੱਟ ਲਵਾਂਗਾ।

ਉਹ ਕਹਿੰਦਾ, "ਮੈਂ ਤੁਹਾਨੂੰ ਜਾਣਦਾ ਨਹੀਂ ਹਾਂ। ਸਾਸ਼ਤਰ ਇਹ ਕਹਿੰਦਾ ਹੈ ਕਿ ਜਿਸ ਨੂੰ ਜਾਣਦੇ ਨਾ ਹੋਈਏ ਉਸ ਨੂੰ ਘਰ ਵਿਚ ਨਿਵਾਸ ਨਾ ਦਿਓ, ਕਿਉਂਕਿ ਜਾਣ-ਪਛਾਣ ਕੋਈ ਨਹੀਂ ਹੈ ਇਸ ਕਰਕੇ ਮੈਂ ਸਾਸ਼ਤਰ ਦੀ ਉਲੰਘਣਾ ਨਹੀਂ ਕਰ ਸਕਦਾ।" ਵਾਰ-ਵਾਰ ਬੇਨਤੀ ਕਰੀ। ਕਹਿਣ ਲੱਗਿਆ, "ਚੰਗਾ! ਮੈਂ ਤੈਨੂੰ ਥਾਂ ਤਾਂ ਦੇ ਦਿੰਦਾ ਹਾਂ ਪਰ ਸੂਰਜ ਦੀ ਪਹਿਲੀ ਕਿਰਨ ਨਾਲ ਹੀ ਤੈਨੂੰ ਇਸ ਥਾਂ ਤੋਂ ਜਾਣਾ ਪੈਣਾ ਹੈ।"

ਉਸ ਵੇਲੇ ਉਹ ਚੰਡਾਲ ਰਾਜੇ ਨੂੰ ਅੰਦਰ ਲੈ ਗਿਆ। ਅੰਦਰ ਹੋਰ ਵੀ ਦੁਰਗੰਧ ਸੀ। ਸਹਿ ਨਹੀਂ ਸੀ ਸਕਦਾ ਲੇਕਿਨ ਬਾਹਰ ਠੰਡ ਸੀ, ਬਰਫ ਪੈਂਦੀ ਸੀ, ਕੱਪੜਾ ਕੋਈ ਹੈ ਨਹੀਂ ਸੀ। ਇਸ ਲਈ ਮਜ਼ਬੂਰਨ ਉਸ ਨੂੰ ਉਸ ਕੁਟੀਆ ਦੇ ਅੰਦਰ ਧਰਤੀ ਤੇ ਪੈਣਾ ਪਿਆ ਤੇ ਫੇਰ ਠੰਢ ਤੋਂ ਆਪਣੇ-ਆਪ ਨੂੰ ਬਚਾਇਆ। ਸੂਰਜ ਚੜ੍ਹਨ ਵੇਲੇ ਨੀਂਦ ਆ ਗਈ, ਪਹਿਲਾਂ ਉਸ ਨੂੰ ਨੀਂਦ ਨਹੀਂ ਆਈ ਤੇ ਚੰਡਾਲ ਨੇ ਕਿਹਾ ਕਿ ਰਾਜਨ! ਹੁਣ ਤੂੰ ਜਾਹ ਕਿਉਂਕਿ ਤੇਰਾ ਤੇ ਮੇਰਾ ਵਾਇਦਾ ਐਨਾ ਹੀ ਸੀ। ਪਰ ਰਾਜਾ ਜਾਂਦਾ ਨਹੀਂ ਹੈ, ਕਹਿੰਦਾ, "ਮੈਨੂੰ ਨੀਂਦ ਲੈ ਲੈਣ ਦੇ।" ਤੂੰ ਹੁਣ ਇਨਸਾਫ ਕਰਕੇ ਦਸ ਕਿ ਰਾਜਾ ਗਲਤੀ ਤੇ

ਸੀ ਜਾਂ ਠੀਕ ਸੀ?

ਪਰੀਖਿਤ ਕਹਿਣ ਲੱਗਿਆ, "ਮਹਾਰਾਜ! ਉਹ ਤਾਂ ਬਹੁਤ ਗਲਤੀ ਤੇ ਸੀ। ਜਦੋਂ ਉਸ ਨੇ ਬਚਨ ਕਰਿਆ ਹੈ ਤਾਂ ਉਸ ਨੂੰ ਜਾਣਾ ਚਾਹੀਦਾ ਸੀ।" ਫੇਰ ਉਹ ਥਾਂ ਭੀ ਭ੍ਰਿਸ਼ਟ ਸੀ, ਗੰਦਾ ਸੀ।

ਕਹਿਣ ਲੱਗੇ, "ਫੇਰ ਤੂੰ ਦੇਖ! ਤੂੰ ਇਸ ਸਰੀਰ ਦੇ ਅੰਦਰ ਨਿਵਾਸ ਕਰਦਾ ਹੈਂ ਤੇ ਥੋੜ੍ਹੀ ਦੇਰ ਵਾਸਤੇ ਆਇਆ ਹੈਂ। ਇਹ ਸਰੀਰ ਹੈ ਕੀ ਜਿਸ ਵਿਚ ਤੂੰ ਨਿਵਾਸ ਕਰਦਾ ਹੈਂ।"

ਬਿਸਟਾ ਅਸਤ ਰਕਤੁ ਪਰੇਟੇ ਚਾਮ ॥
ਇਸੁ ਊਪਰਿ ਲੇ ਰਾਖਿਓ ਗੁਮਾਨ ॥ *ਅੰਗ - ੩੭੪*

ਇਸ ਗੰਦਗੀ ਤੇ ਮਲਮੂਤਰ ਦੇ ਥੈਲੇ ਦੇ ਅੰਦਰ, ਮੈਲੇ ਥੈਲੇ ਦੇ ਅੰਦਰ ਤੂੰ ਬਹੁਤ ਮੋਹ ਲਾਇਆ ਹੋਇਆ ਹੈ ਤੇ ਹੁਣ ਤੇਰਾ ਸਮਾਂ ਆਉਣਾ ਹੈ, ਤੂੰ ਸੰਸਾਰ ਛੱਡਣਾ ਹੈ, ਤੂੰ ਅਜੇ ਤਕ ਇਸ ਸਰੀਰ ਦਾ ਮੋਹ ਨਹੀਂ ਛਡਦਾ, ਇਸ ਦੇ ਨਾਲ ਸਬੰਧ ਰੱਖਣ ਵਾਲੀਆਂ ਚੀਜ਼ਾਂ ਦਾ ਮੋਹ ਨਹੀਂ ਛਡਦਾ, ਰਾਜ ਵੱਲ ਤੇਰਾ ਧਿਆਨ ਜਾਂਦਾ ਹੈ। ਤੂੰ ਹੁਣ ਇਹ ਦੱਸ, ਤੂੰ ਠੀਕ ਹੈ ਜਾਂ ਗਲਤ ਹੈਂ?

ਕਹਿਣ ਲੱਗਿਆ, "ਮਹਾਰਾਜ! ਮੇਰੀ ਵੱਡੀ ਭਾਰੀ ਭੁੱਲ ਹੈ। ਤੁਸੀਂ ਕ੍ਰਿਪਾ ਕਰੀ ਹੈ।"

ਉਸ ਵੇਲੇ ਸੁਖਦੇਵ ਜੀ ਨੇ ਆਤਮ ਕਥਾ ਸੁਣਾਈ ਤੇ ਤੀਸਰੇ ਦਿਨ ਸੱਪ ਫੁੱਲ ਦੇ ਅੰਦਰ ਛੁਪ ਕੇ ਆਉਂਦਾ ਹੈ ਤੇ ਉਹ ਕੱਟ ਜਾਂਦਾ ਹੈ ਤੇ ਰਾਜਾ ਪਰੀਖਿਤ ਚੜ੍ਹਾਈ ਕਰ ਜਾਂਦਾ ਹੈ। ਸੋ ਉਸ ਦਾ ਉਧਾਰ ਹੋਇਆ ਦਸਦੇ ਨੇ ਕਿ ਰਾਜਾ ਪਰੀਖਿਤ ਬੈਕੁੰਠ ਧਾਮ ਨੂੰ ਗਿਆ।

ਸੋ ਇਹ ਫਲ ਸਤਿਸੰਗ ਦਾ ਦਸਦੇ ਨੇ। ਕਬੀਰ ਸਾਹਿਬ ਬਾਣੀ ਦੇ ਅੰਦਰ ਕਹਿੰਦੇ ਨੇ ਕਿ ਉਹ ਤਾਂ ਜ਼ਿਆਦਾ ਸੀ ਜੇ ਇਕ ਘੜੀ ਦਾ ਚੌਥਾ ਹਿੱਸਾ ਵੀ ਸਤਿਸੰਗ ਦਾ ਕਿਸੇ ਨੂੰ ਪ੍ਰਾਪਤ ਹੋ ਜਾਵੇ, ਮਨ-ਚਿਤ ਇਕਾਗਰ ਕਰਕੇ, ਉਸ ਦਾ ਵੀ ਫਲ ਪ੍ਰਾਪਤ ਹੁੰਦਾ ਹੈ।

ਸਤਿਸੰਗ ਕੀ ਹੁੰਦਾ ਹੈ? ਕਹਿੰਦੇ, ਸਤਿਸੰਗ ਉਹ ਹੁੰਦਾ ਹੈ ਜਿਥੇ ਨਾਮ ਬਾਰੇ ਗੱਲ ਹੁੰਦੀ ਹੈ, ਨਾਮ ਦੀ ਜੋ ਵਿਆਖਿਆ ਹੁੰਦੀ ਹੈ ਉਹ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਹੁੰਦੇ ਨੇ ਕਿਉਂਕਿ ਉਹ ਜਦੋਂ ਵੀ ਬੋਲਣਗੇ ਨਾਮ ਦੀ ਗੱਲ ਕਰਨਗੇ, ਨਾਮ ਤੋਂ ਬਾਹਰ ਨਹੀਂ ਜਾਂਦੇ। ਉਹ ਜਗਿਆਸੂ ਨੂੰ ਲਿਆ-ਲਿਆ ਕੇ, ਘੇਰ-ਘੇਰ ਕੇ ਹੌਲੀ-ਹੌਲੀ ਉਸ ਨੂੰ ਉਸ ਪੁਆਇੰਟ (ਬਿੰਦੂ) ਤੇ ਲਿਆਉਂਦੇ ਨੇ ਜਿਥੇ ਉਸ ਨੂੰ ਰਸਤਾ ਲੱਭ ਜਾਵੇ।

ਸੋ ਮਹਾਰਾਜ ਫੁਰਮਾਨ ਕਰਦੇ ਹਨ ਕਿ ਜੇ ਸਿਮਰਨ ਮਨ ਵਿਚ ਵਸ ਜਾਵੇ, ਪ੍ਰਮੇਸ਼ਰ ਯਾਦ ਆ ਜਾਵੇ ਤਾਂ ਪਾਰ ਉਤਾਰਾ ਹੋ ਜਾਂਦਾ ਹੈ ਤੇ ਜਪ ਕੇ ਅਸੀਂ ਭਵਜਲ ਤਰ ਜਾਂਦੇ ਹਾਂ। ਹੁਣ ਇਹ ਜਪਣ ਦਾ ਜਿਹੜਾ ਤਰੀਕਾ ਹੈ ਕਿ ਕਿਸ ਤਰ੍ਹਾਂ ਅਸੀਂ ਜਪੀਏ? ਕਿਵੇਂ ਅਸੀਂ ਭਵਜਲ ਤਰੀਏ? ਸੋ ਇਹ ਸਬੰਧ ਵਿਚ ਜੋ ਬਚਨ ਹੁੰਦੇ ਨੇ ਉਹ ਤੱਤ ਬਚਨ ਹੋਇਆ ਕਰਦੇ ਨੇ, ਜਿਸ ਨੂੰ ਆਤਮ ਕਥਾ ਕਹਿੰਦੇ ਨੇ। ਆਤਮ ਕਥਾ ਸੁਣਨ ਦੇ ਸਾਰੇ ਅਧਿਕਾਰੀ ਨਹੀਂ ਹੋਇਆ ਕਰਦੇ, ਕੋਈ ਵਿਰਲਾ-ਵਿਰਲਾ ਪੁਰਸ਼ ਹੋਇਆ ਕਰਦਾ ਹੈ ਜੋ ਆਤਮ ਕਥਾ ਦਾ ਅਧਿਕਾਰੀ ਹੁੰਦਾ ਹੈ ਤੇ ਉਹ ਸੁਣਦੇ ਸਾਰ ਜੇ ਉਸ ਦੇ ਮਨ ਵਿਚ 100% ਵਿਸ਼ਵਾਸ਼ ਹੈ, ਮਹਾਰਾਜ ਕਹਿੰਦੇ, ਉਸ ਨੂੰ ਵੱਡੀ ਪਦਵੀ ਪ੍ਰਾਪਤ ਹੋ ਜਾਏਗੀ, ਕੇਵਲ ਸੁਣਨ ਨਾਲ -

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ *ਅੰਗ- ੨*

ਸੁਣਨ ਦੇ ਨਾਲ ਹੀ ਮੰਨਣ ਦੀ ਅਵਸਥਾ ਹੁੰਦੀ ਹੈ, ਅੱਡ ਨਹੀਂ ਹੁੰਦੀ, ਸੁਣਦੀ ਸਾਰ ਮੰਨਦਾ ਹੈ। ਉਹ ਆਤਮ-ਕਥਾ ਜਦੋਂ ਸੁਣਦਾ ਹੈ ਉਸੇ ਵੇਲੇ ਮੰਨ ਜਾਂਦਾ ਹੈ। ਮਹਾਰਾਜ ਕਹਿੰਦੇ ਫੇਰ ਉਸ ਦੀ ਪਦਵੀ-

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ *ਅੰਗ - ੩*

ਸੋ ਜੀਵ ਨੂੰ ਛੁਡਾਉਣ ਦਾ ਜੋ ਸਾਧਨ ਮਹਾਂਪੁਰਸ਼ ਦਸਦੇ ਨੇ, ਉਹ ਜਦੋਂ ਆਤਮਾ ਦੇ ਮੰਡਲ ਵਿਚ ਉਸ ਦਾ ਪ੍ਰਵੇਸ਼ ਕਰਾਉਂਦੇ ਨੇ, ਆਤਮਾ ਦਾ ਉਸ ਨੂੰ ਗਿਆਨ ਕਰਾਉਂਦੇ ਨੇ, ਉਸ ਵੇਲੇ ਐਨੀ ਲੰਮੀ ਗੱਲ ਨਹੀਂ ਹੋਇਆ ਕਰਦੀ। ਸਿਰਫ ਚਾਰ ਬਚਨ ਕਹਿੰਦੇ ਨੇ। ਜਗਿਆਸੂ ਪੂਰਾ ਹੁੰਦਾ ਹੈ। ਚਾਰ ਬਚਨ ਹੀ ਕਹਿ ਕੇ ਉਸ ਦੀ ਸੁਰਤੀ ਸੁੱਤੀ ਪਈ ਨੂੰ ਉਸੇ ਵੇਲੇ ਜਗਾ ਦਿੰਦੇ ਨੇ। ਉਸ ਨੂੰ ਜਾਗਦੀ ਸਾਰ ਉਚ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਤੇ ਉਹ ਭਵਜਲ ਤਰ ਜਾਂਦਾ ਹੈ। ਉਸ ਦਾ ਨਿੱਕਾ ਆਪਾ, ਪਰਮ ਆਪੇ ਵਿਚ ਅਭੇਦ ਹੋ ਜਾਂਦਾ ਹੈ।

ਸੋ ਅਸੀਂ ਸਤਿਸੰਗ ਕਰਦੇ ਹਾਂ ਲੇਕਿਨ ਜਿਥੇ ਜਾ ਕੇ ਗੁਰੂ ਸਾਹਿਬ ਨੇ ਸਤਿਸੰਗ ਦਾ ਅਸਲੀ ਰੂਪ ਕਿਹਾ ਹੈ, ਅਸੀਂ ਉਥੇ ਪਹੁੰਚਣ ਦਾ ਜਤਨ ਨਹੀਂ ਕਰਦੇ। ਸਤਿਸੰਗ ਨਾ ਸੁਣਨ ਕਰਕੇ ਸਾਨੂੰ ਇਨ੍ਹਾਂ ਬਚਨਾਂ ਦਾ ਪਤਾ ਨਹੀਂ ਲਗਦਾ ਕਿ ਇਹ ਗੱਲਾਂ ਕੀ ਕਰ ਰਹੇ ਨੇ? ਸੋ ਜੇ ਉਹ ਅਵਸਥਾ ਸਾਨੂੰ ਪ੍ਰਾਪਤ ਹੋ ਜਾਵੇ ਫੇਰ ਉਹ ਸਾਡੇ ਸੁਣਨ ਤੇ ਮੰਨਣ ਵਿਚ ਆ ਜਾਵੇ ਫੇਰ ਇਕ ਗੱਲ ਰਹਿ ਜਾਂਦੀ ਹੈ, ਜਿਹੜੀ ਗੁਰੂ ਮਹਾਰਾਜ ਜੀ ਨੇ ਇਥੇ ਸਿਮਰਨ ਦੀ ਕਹੀ ਹੈ, ਜਪਣ ਦੀ ਕਹੀ ਹੈ। ਉਹ ਜਦੋਂ ਅਸੀਂ ਜਪਦੇ ਹਾਂ ਤੇ ਸਿਮਰਦੇ ਹਾਂ ਉਸ ਵੇਲੇ ਉਸ ਆਤਮ ਸਥਿਤੀ ਵਿਚ ਸਾਡਾ ਮਨ ਪ੍ਰਵੇਸ਼ ਕਰ ਜਾਂਦਾ ਹੈ ਤੇ ਉਸ ਦਾ ਨਿਸ਼ਚਾ ਆ ਜਾਂਦਾ ਹੈ। ਜਦੋਂ ਨਿਸ਼ਚੇ ਦੇ ਘਰ ਵਿਚ ਅਸੀਂ ਚਲੇ ਗਏ, ਫੇਰ ਅਸੀਂ ਕਾਲ ਤੋਂ ਉਚੇ ਚਲੇ ਜਾਂਦੇ ਹਾਂ ਫੇਰ ਕਾਲ ਸਾਡੇ ਉਤੇ ਹਾਵੀ ਨਹੀਂ ਹੁੰਦਾ ਫੇਰ ਅਸੀਂ ਆਤਮ ਸਰੂਪ ਦਾ ਗਿਆਨ ਪ੍ਰਾਪਤ ਕਰਕੇ ਉਸ ਦੇ ਵਿਚ ਨਿਵਾਸ ਹਾਸਲ ਕਰ ਲਿਆ, ਅਸੀਂ ਆਪਣੇ ਸਰੂਪ ਨੂੰ ਪਛਾਣ ਲਿਆ –

ਜਦੋਂ ਤਕ ਮੂਲ ਨਹੀਂ ਪਛਾਣਿਆ ਜਾਂਦਾ ਓਦੋਂ ਤਕ ਸਾਡੇ ਜਿੰਨੇ ਕਰਤੱਵ ਨੇ – ਸਤਿਸੰਗ ਵਿਚ ਜਾਣਾ, ਭਜਨ ਪਾਠ ਕਰਨਾ, ਇਹ ਸਾਰੀ ਤਿਆਰੀ ਹੈ ਇਸ ਥਾਂ ਤੇ ਪਹੁੰਚਣ ਦੀ। ਬੀਜ ਬੀਜਿਆ ਹੋਇਆ ਹੈ। ਬੀਜ ਉਗਦਾ ਹੈ, ਵਧਦਾ-ਫੁਲਦਾ ਹੈ, ਦਰਖਤ ਬਣਦਾ ਹੈ, ਹੌਲੀ-ਹੌਲੀ ਵਧਦਾ ਹੈ, ਵੱਧ ਕੇ ਟਾਹਣੇ ਕੱਢਦਾ ਹੈ ਫੇਰ ਫੁੱਲ ਆਉਂਦਾ ਹੈ। ਫੁੱਲ ਤੋਂ ਬਾਅਦ ਫੇਰ ਫਲ ਪੈਂਦਾ ਹੈ। ਜਦੋਂ ਫਲ ਪੈਂਦਾ ਹੈ ਸਤਿਸੰਗ ਨੂੰ, ਫੇਰ ਇਹ ਸੁਣਨ, ਮੰਨਣ ਤੇ ਬਾਅਦ ਵਿਚ ਨਿਧਿਆਸਣ ਦੀ ਅਵਸਥਾ ਵਿਚੋਂ ਲੰਘ ਕੇ ਆਪਣੇ ਸਰੂਪ ਨੂੰ ਪਛਾਣ ਲੈਂਦਾ ਹੈ ਤੇ ਉਹ ਜਿਹੜੀ ਬੂੰਦ ਪ੍ਰਕ੍ਰਿਤੀ ਵਿਚ ਰਲੀ ਸੀ –

ਕਬੀਰ ਨਿਰਮਲ ਬੂੰਦ ਅਕਾਸ ਕੀ
ਲੀਨੀ ਭੂਮਿ ਮਿਲਾਇ ॥
ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥
ਅੰਗ- ੧੩੭੫

ਉਹ ਬੂੰਦ ਨਿਆਰੀ ਹੋ ਜਾਂਦੀ ਹੈ, ਆਤਮ ਜੋਤ ਪ੍ਰਕ੍ਰਿਤੀ ਤੋਂ ਵੱਖਰੀ ਹੋ ਜਾਂਦੀ ਹੈ ਉਸ ਵੇਲੇ ਉਸ ਦਾ ਜੰਮਣ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ। ਜਦੋਂ ਨਾਮ ਦਾ ਨਿਵਾਸ ਹੋ ਗਿਆ ਉਸ ਵੇਲੇ ਵਾਸ਼ਨਾਵਾਂ ਸਾਰੀਆਂ ਖਤਮ ਹੋ ਜਾਂਦੀਆਂ ਹਨ। ਕੋਈ ਵਾਸ਼ਨਾ ਨਹੀਂ ਰਹਿੰਦੀ ਇਸ ਦੇ ਵਾਸਤੇ, ਕੋਈ ਕੰਮ ਕਰਨ ਵਾਸਤੇ ਨਹੀਂ ਰਹਿੰਦਾ। ਸਾਰੀਆਂ ਚੀਜ਼ਾਂ –

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥ *ਅੰਗ - ੬੪੯*

ਜੋ ਇਸ ਅਵਸਥਾ ਤੇ ਪਹੁੰਚ ਜਾਂਦਾ ਹੈ ਫੇਰ ਸਾਰੀਆਂ ਬਰਕਤਾਂ ਉਸ ਦੇ ਹੱਥਾਂ ਤੇ ਆ ਜਾਂਦੀਆਂ ਹਨ ਉਸ ਨੂੰ ਕੋਈ ਵਾਸ਼ਨਾ ਕਰਨ ਦੀ ਲੋੜ ਨਹੀਂ, ਫੁਰਨੇ ਕਰਨ ਦੀ ਲੋੜ ਨਹੀਂ, ਮਹਾਨ ਉਚੀ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ।

ਸੋ ਇਸ ਸਤਿਸੰਗ ਵਿਚ ਜਦੋਂ ਅਸੀਂ ਮਨ ਚਿੱਤ ਲਾ ਕੇ ਆਉਂਦੇ ਹਾਂ, ਇਸ ਦੇ ਨਾਲ ਮਨ ਦੀ ਮੈਲ ਲਹਿੰਦੀ ਹੈ, ਹੌਲੀ-ਹੌਲੀ ਲਹਿੰਦੇ-ਲਹਿੰਦੇ –

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ
ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਊਪਜੈ ਭਾਈ
ਸਭਿ ਫਲ ਸਤਿਗੁਰ ਪਾਸਿ ॥ *ਅੰਗ- ੬੩੯*

ਜਦੋਂ ਮਨ ਮਾਂਜਿਆ ਜਾਂਦਾ ਹੈ ਫੇਰ ਨਾਮ ਦਾ ਨਿਵਾਸ ਹੋ ਜਾਂਦਾ ਹੈ।

ਸੋ ਵਾਹਿਗੁਰੂ ਜੀ ਕ੍ਰਿਪਾ ਕਰਨ ਕਿ ਅਸਾਨੂੰ ਸਤਿਸੰਗ ਦੀ ਜਾਂਚ ਆਵੇ ਤੇ ਅਸਾਨੂੰ ਪ੍ਰਾਪਤੀ ਹੋਵੇ ਜਿਸ ਦਾ ਇਸ਼ਾਰਾ ਗੁਰੂ ਮਹਾਰਾਜ ਨੇ ਇਸ ਸ਼ਬਦ ਵਿਚ ਕੀਤਾ ਹੈ।



ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਭਾਈ ਧਿੰਗ ਨੂੰ ਉਪਦੇਸ਼

ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-25)

ਪੰਜ ਕਲੇਸ਼ ਹਰ ਬੰਦੇ ਦੇ ਮਨ ਵਿਚ ਨੇ। ਬਾਕੀ ਤਾਂ ਬੇਅੰਤ ਨੇ, ਕਰੋੜ ਵੀ ਕਹਿ ਲਓ, ਲੱਖ ਵੀ ਕਹਿ ਲਓ। ਹਜ਼ਾਰ ਕਹਿ ਲਓ ਲੇਕਿਨ ਇਹਨਾਂ ਪੰਜਾਂ ਦੇ ਵਿਚ ਆ ਜਾਂਦੇ ਨੇ ਸਾਰੇ। ਪਹਿਲਾ ਕਲੇਸ਼ ਸਭ ਦੇ ਮਨ ਦੇ ਉਤੇ ਹੈ, ਕੋਈ ਵਿਰਲਾ ਹੈ ਜਿਸ ਦੇ ਮਨ ਦੇ ਉਤੇ ਨਹੀਂ। ਉਹਨੂੰ 'ਅਵਿਦਿਆ' ਕਹਿੰਦੇ ਨੇ ignorance, illusion, ਭੁੱਲ, ਹਉਮੈ। ਇਹ ਕੰਮ ਕੀ ਕਰਦੀ ਹੈ, ਪ੍ਰਮੇਸ਼ਰ ਨੂੰ ਢਕ ਲੈਂਦਾ ਹੈ ਇਹ ਕਲੇਸ਼। ਰੱਬ ਸਾਮ੍ਹਣੇ ਹੈ, ਇਹਨਾਂ ਅੱਖਾਂ ਨਾਲ ਵੀ ਦਿਸ ਸਕਦਾ ਹੈ, ਅੰਦਰਲੀਆਂ ਨਾਲ ਵੀ ਦਿਸ ਸਕਦਾ ਹੈ ਪਰ ਇਹ ਦਿਖਣ ਨਹੀਂ ਦਿੰਦੀ ਕਿਉਂਕਿ ਅਵਿਦਿਆ ਦਾ ਕਲੇਸ਼ ਮਨ ਦੇ ਉਤੇ ਹਾਵੀ ਹੋਇਆ-ਹੋਇਆ ਹੈ, ਨਹੀਂ ਮੰਨਣ ਦਿੰਦਾ। ਦੂਸਰਾ ਹੋਇਆ ਕਰਦਾ ਹੈ 'ਅਭਿਨਿਵੇਸ਼' ਦਾ ਕਲੇਸ਼। ਮੌਤ ਤੋਂ ਡਰ ਲਗਦਾ ਹੈ, ਮਰਨ ਤੋਂ ਡਰ ਲਗਦਾ ਹੈ। ਚੀਜ਼ਾਂ ਬਣਾਉਂਦਾ ਹੈ ਸੰਸਾਰ ਦੇ ਅੰਦਰ ਤੇ ਨਾਲ ਕਦੇ-ਕਦੇ ਸੋਚ ਆ ਜਾਂਦੀ ਹੈ ਕਿ ਮੇਰੇ ਨਾਲ ਦੇ ਤੁਰੇ ਜਾਂਦੇ ਜਾਂਦੇ ਨੇ ਮੈਂ ਵੀ ਤੁਰ ਜਾਣਾ। ਕੀ ਹੋਏਗਾ ਫੇਰ ਜਿਹੜਾ ਕੁਛ ਮੈਂ ਬਣਾਈ ਜਾਂਦਾ ਹਾਂ। ਮੌਤ ਦਾ ਨਾਉਂ ਸੁਣ ਕੇ ਘਬਰਾਹਟ ਪੈਦਾ ਹੁੰਦੀ ਹੈ ਬਹੁਤ। ਤੀਸਰਾ ਹੋਇਆ ਕਰਦਾ ਹੈ ਜਿਸ ਨੂੰ 'ਰਾਗ' ਕਹਿੰਦੇ ਨੇ। ਰਾਗ ਪਿਆਰ ਹੈ, attachment ਹੈ। ਅਗਲਾ ਹੋਇਆ ਕਰਦਾ ਹੈ 'ਦ੍ਵੈਸ਼'। ਵੈਰ ਭਾਵ ਲੋਕਾਂ ਨਾਲ ਕਰਨਾ। ਪੰਜਵਾਂ ਹੋਇਆ ਕਰਦਾ ਹੈ 'ਅਸਮਿਤਾ'। ਉਹ ਹੋਇਆ ਕਿ ਝੂਠੀ ਚੀਜ਼ ਨੂੰ ਤਾਂ ਸਤਿ ਕਰਕੇ ਮੰਨਣਾ। ਸੱਚੀ ਨੂੰ ਝੂਠ ਕਰਕੇ ਮੰਨਣਾ। ਜਿਸ ਤਰ੍ਹਾਂ ਤਾਂਬਾ ਪਿਆ ਹੋਵੇ, ਉਹ ਸਤਿ ਤਾਂ ਤਾਂਬਾ ਹੈ ਪਰ ਉਹਨੂੰ ਸੋਨਾ ਮੰਨੀ ਜਾਣਾ। ਸੋਨੇ ਨੂੰ ਤਾਂਬਾ ਮੰਨੀ ਜਾਣਾ। ਇਹ ਵਿਪਰੀਤ ਬੁੱਧੀ ਹੋਇਆ ਕਰਦੀ ਹੈ। ਸੋ ਇਹ ਪੰਜ ਕਲੇਸ਼ ਬੰਦੇ ਦੇ ਮਨ 'ਚੋਂ ਨਹੀਂ ਜਾਂਦੇ। ਸਤਿ ਹੈਗਾ ਇਥੇ ਵਾਹਿਗੁਰੂ ਉਹਨੂੰ ਤਾਂ ਮੰਨਣਾ ਹੀ ਨਹੀਂ। ਅਸਤਿ ਹੈਗਾ ਸੰਸਾਰ -

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ *ਅੰਗ- ੮੦੮*

ਇਸ ਸੁਪਨੇ ਨੂੰ ਸੱਚ ਮੰਨੀ ਜਾਣਾ ਤੇ ਐਨਾ ਮੂਰਖ ਬਣਨਾ। ਮਹਾਰਾਜ ਕਹਿੰਦੇ -

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥
ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥
ਆਰਜਾ ਗਈ ਵਿਹਾਇ ਧੰਧੈ ਧਾਇਆ ॥
ਪੂਰਨ ਭਏ ਨ ਕਾਮ ਮੋਹਿਆ ਮਾਇਆ ॥
ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥

ਅੰਗ - ੭੦੭

ਇਹਦਾ ਕਾਰਨ ਮਹਾਰਾਜ ਦਸਦੇ ਨੇ ਕਿ ਠਗਮੂਰੀ ਵੱਟੀ ਹੁੰਦੀ ਹੈ, ਪੁਰਾਣੇ ਜ਼ਮਾਨਿਆਂ ਦੇ ਅੰਦਰ ਠੱਗੀ ਮਾਰਨ ਵਾਲੇ ਆਹ ਹੱਥ ਦੇ ਪਿਛਲੇ ਪਾਸੇ ਉਹਨੂੰ ਰਗੜ ਕੇ ਲਾ ਲੈਂਦੇ ਸੀ। ਕਿਸੇ ਨਾਲ ਗੱਲ ਕਰਨੀ, ਨੱਕ ਦੇ ਕੋਲ ਉਹਨੇ ਦੋ-ਚਾਰ ਵਾਰੀ ਲੰਘਾ ਦੇਣੀ ਉਹ ਬੇਹੋਸ਼ ਜਿਹਾ ਹੋ ਜਾਂਦਾ ਸੀ ਤੇ ਉਸ ਤੋਂ ਲੁੱਟ ਲੈਂਦੇ ਸੀ ਸਭ ਕੁਝ। ਕਹਿੰਦੇ ਵਾਹਿਗੁਰੂ ਨੇ ਠਗਮੂਰੀ ਲਾ ਦਿਤੀ ਆਹ ਸੰਸਾਰ ਨੂੰ। ਉਹਦੇ ਕਰਕੇ ਦਿਸਦਾ ਹੀ ਨਹੀਂ। ਮੂਰਛਤ ਹੋਏ-ਹੋਏ ਮੇਰਾ-ਤੇਰਾ, ਮੇਰਾ-ਤੇਰਾ, ਮੈਂ-ਤੂੰ, ਮੇਰਾ ਮਜ਼ਹਬ, ਮੇਰਾ ਸਰੀਰ, ਮੇਰਾ ਧਰਮ ਰੌਲਾ-ਰੱਪਾ ਪਾਇਆ ਪਿਆ ਹੈ, ਸਾਰੇ ਸੰਸਾਰ ਦੇ ਅੰਦਰ। ਸੋ ਇਹ ਕਲੇਸ਼ ਨਾਮ ਤੋਂ ਬਗੈਰ ਜਾਇਆ ਨਹੀਂ ਕਰਦੇ। ਸਤਿ ਨੂੰ ਅਸਤਿ ਜਾਨਣਾ, ਅਸਤਿ ਨੂੰ ਸਤਿ ਜਾਨਣਾ।

ਉਸ ਵੇਲੇ ਮਹਾਰਾਜ ਦੇ ਕੋਲ ਬੇਨਤੀ ਕੀਤੀ ਮਹਾਰਾਜ ਕਹਿਣ ਲੱਗੇ, ਦੇਖ ਪ੍ਰੇਮੀਆ! ਇਹਦਾ ਇਕ ਤਰੀਕਾ ਮੈਂ ਤੈਨੂੰ ਦਸ ਦਿੰਦਾ ਹਾਂ ਉਹਦੇ ਨਾਲ ਤੇਰਾ ਪਾਰ ਉਤਾਰਾ ਹੋ ਜਾਏਗਾ। ਲੰਮੀ ਵਿਆਖਿਆ ਨਹੀਂ ਅਸੀਂ ਕਰਦੇ। ਤੂੰ ਸਤਿਸੰਗ ਕਰ। ਗੁਰੂ ਦੀ ਬਾਣੀ ਨੂੰ ਸੁਣ ਤੇ ਗੁਰੂ ਦੀ ਗੋਰ ਵਿਚ ਸਮਾਅ ਜਾ। ਗੋਰ, ਕਬਰ ਨੂੰ ਕਹਿੰਦੇ ਨੇ। ਇਹਦੇ ਵਿਚ ਸਮਾਅ ਜਾ। ਇਹਦੇ 'ਚ ਸਮਾਏਂਗਾ ਜੇ ਤੂੰ ਮਨ ਮੱਤ ਦਾ ਪਰੀਤਿਆਗ ਕਰੇਂਗਾ। ਮਨ ਮੱਤ ਨੂੰ ਬਿਲਕੁਲ ਛੱਡ ਦੇ। ਜੋ ਕੁਛ ਗੁਰੂ ਕਹਿੰਦੇ ਨੇ ਉਹਨੂੰ ਧਾਰਨ ਕਰ ਲੈ, ਫੇਰ ਤੂੰ ਗੁਰੂ ਦੀ ਗੋਰ ਵਿਚ ਸਮਾਅ ਜਾਏਂਗਾ।

ਸੁਨਿ ਸ੍ਰੀ ਮੁਖ ਤੇ ਤਬਿ ਫੁਰਮਾਯੋ।
'ਗੁਰੁ ਗੋਰ ਮਹਿੰ ਸੋ ਚਲਿ ਆਯਾ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਉਹ ਫੇਰ ਗੁਰੂ ਗੋਰ 'ਚ ਕੀ ਹੁੰਦੈ? ਕਬਰ ਦੇ ਵਿਚ ਮੁਰਦਾ ਹੀ ਹੁੰਦੈ।

ਹੁਇ ਮੁਰੀਦ ਮੁਰਦੇ ਮਾਨਿੰਦ।
ਅੰਗ ਨ ਕੋ ਹਾਲਤਿ ਬਿਨ ਜਿੰਦ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਮੁਰਦਾ ਕੀ ਕਰਦੈ, ਕੋਈ ਅੰਗ ਨਹੀਂ ਹਿਲਦਾ ਉਹਦਾ ਕਿਉਂਕਿ ਅੰਦਰ ਜਿੰਦ ਨਹੀਂ ਰਹੀ –

ਤਿਮ ਮੁਰੀਦ ਆਦਿਕ ਹੰਕਾਰਾ।
ਤਯਾਗ ਦੇਤਿ ਏ ਸਕਲ ਬਿਕਾਰਾ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਇਸੇ ਤਰ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਆਸਾ, ਤ੍ਰਿਸ਼ਨਾ, ਅੰਦੇਸਾ, ਨਾਸਤਿਕਤਾ ਇਹ ਬਿਰਤੀਆਂ ਸਾਰੀਆਂ ਛੱਡ ਕੇ –

ਗੁਰੂ ਗੋਰ ਮਹਿਂ ਜਾਇ ਸਮਾਇ।
ਹੁਇ ਮੁਰੀਦ ਮੁਰਦਾ ਜਿਸਿ ਭਾਇ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਫੇਰ ਗੁਰੂ ਦੀ ਗੋਰ ਵਿਚ ਜਾ ਕੇ ਸਮਾਅ ਜਾਂਦਾ ਹੈ।

ਧਾਰਨਾ – ਮੁਰਦਾ ਹੋਇ ਕੇ ਮੁਰੀਦ ਬਣ ਜਾਵਣਾ।

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ ਪਾਣੀ ਢੋਵਣਾ
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।
ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।
ਚੰਦ ਮੁਮਾਰਖ ਈਦ ਪੁਗ ਖਲੋਵਣਾ।

ਭਾਈ ਗੁਰਦਾਸ ਜੀ, ਵਾਰ ੩/੧੮

ਕਹਿਣ ਲੱਗੇ, ਜਿਵੇਂ ਮੁਰਦਾ ਹੋ ਜਾਂਦੈ, ਇਸ ਤਰ੍ਹਾਂ ਤੂੰ ਗੁਰਸਿੱਖੀ ਧਾਰਨ ਕਰ ਲੈ। ਫੇਰ ਸਬਰ ਤੇ ਸਿਦਕ ਦੋ ਚੀਜ਼ਾਂ ਜ਼ਰੂਰੀ ਹੋਇਆ ਕਰਦੀਆਂ ਨੇ।

ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।

ਗੁਲਾਮ ਦਾ ਕੋਈ ਇਤਰਾਜ਼, ਕੋਈ ਅਧਿਕਾਰ ਨਹੀਂ ਹੋਇਆ ਕਰਦਾ ਕਿਉਂਕਿ ਕਾਨੂੰਨ ਨੇ ਉਸ ਨੂੰ ਕੋਈ ਹੱਕ ਨਹੀਂ ਸੀ ਦਿਤਾ। ਜਿਸ ਤਰ੍ਹਾਂ ਪਸ਼ੂਆਂ ਨੂੰ, ਆਪ ਦੇ ਘਰਦਿਆਂ ਨੂੰ, ਕੋਈ ਹੱਕ ਨਹੀਂ ਦਿਤਾ। ਸਾਡੇ ਦੇਸ਼ ਵਿਚ ਤਾਂ ਹੋਵੇ ਨਾ ਹੋਵੇ। ਪਰ ਅਮਰੀਕਾ 'ਚ ਤਾਂ ਹੱਕ ਹੈਗੇ। ਇੰਗਲੈਂਡ 'ਚ ਹੈਗੇ। ਕੁੱਤੇ ਨੂੰ ਭੁੱਖਾ ਨਹੀਂ ਮਾਰ ਸਕਦੇ, ਕੈਦ ਹੋ ਜਾਂਦੀ ਹੈ। ਆਪ ਦੇ ਪਸ਼ੂ ਨੂੰ ਕਮਜ਼ੋਰ ਨਹੀਂ ਕਰ ਸਕਦੇ। ਉਹਦੀ ਸਕੇਲ ਬੰਨ੍ਹੀ ਹੋਈ ਹੈ ਕਿ ਐਨੀ ਖੁਰਾਕ ਇਹਨੂੰ ਦੇਣੀ ਜ਼ਰੂਰ ਹੈ। inspection ਕਰਦੇ ਨੇ ਬਾਹਰੋਂ ਆ ਕੇ। ਦੇਖਦੇ ਨੇ ਘਰ ਆ ਕੇ, ਕੁੱਤੇ ਦਾ ਹਾਲ, ਵਜ਼ਨ ਤੋਲਦੇ ਨੇ ਕਿ ਮਾੜਾ ਤਾਂ ਨਹੀਂ ਕਰ ਦਿਤਾ ਕਿਤੇ? ਗੁਲਾਮ ਦਾ ਕੋਈ ਅਧਿਕਾਰ ਨਹੀਂ ਸੀ ਹੋਇਆ ਕਰਦਾ – ***'ਗੋਲਾ ਮੁਲ ਖਰੀਦੁ ਕਾਰੇ ਜੋਵਣਾ।'*** ਕਿੱਡੀ ਵੱਡੀ ਬਾਤ ਹੋ ਗਈ। **'ਪੀਹਣਿ ਹੋਇ ਜਦੀਦ ਪਾਣੀ ਢੋਵਣਾ ਪਖੇ ਦੀ ਤਾਗੀਦ ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।'** ਸੰਜੀਦਾ, ਹੱਸਣਾ ਤੇ ਰੋਣਾ ਦੋਵੇਂ ਮਨ੍ਹਾਂ ਨੇ।

ਭਾਈ ਦੁਨੀਚੰਦ, ਭਾਈ ਗੁਰਦਾਸ ਜੀ ਭੇਜੇ ਜਦੋਂ ਘੋੜੇ ਲੈਣ ਵਾਸਤੇ ਗੁਰੂ ਛੇਵੇਂ ਪਾਤਸ਼ਾਹ ਨੇ। ਆਪ ਨੂੰ ਹੁਕਮ ਆ ਗਿਆ ਕਿ ਇਹਨਾਂ ਦੇ ਨਾਲ ਜਾਓ। ਘੋੜੇ ਖਰੀਦਣੇ ਨੇ। ਦੋ ਮੰਜ਼ਲਾਂ ਗਏ, ਉਸ ਤੋਂ ਪਿਛੋਂ ਘੋੜ ਸਵਾਰ ਪਿੱਛੇ ਪਹੁੰਚ ਗਿਆ ਕਿ ਭਾਈ ਸਾਹਿਬ ਤੁਹਾਡੇ ਘਰ ਡਾਕਾ ਪੈ ਗਿਆ ਤੇ ਸਾਰਾ ਮਾਲ ਲੈ ਗਏ ਨੇ। ਕਹਿੰਦੇ, ਕੋਈ ਨਾ, ਹੁਣ ਤਾਂ ਜੋ ਹੋਣਾ ਸੀ ਹੋ ਗਿਆ। ਮੈਂ ਕੀ ਕਰ ਸਕਦਾ ਹਾਂ, ਤੁਸੀਂ ਦੇਖ ਲਓ ਕਰਕੇ ਜੇ ਕੋਈ ਗੱਲ ਬਣਦੀ ਹੈ। ਦੋ ਮੰਜ਼ਲਾਂ ਹੋਰ ਗਏ, ਫੇਰ ਘੋੜ ਸਵਾਰ ਆ ਗਿਆ। ਕਹਿਣ ਲੱਗੇ, ਭਾਈ ਸਾਹਿਬ! ਤੁਹਾਡੇ ਘਰਵਾਲੀ ਅਚਾਨਕ ਬਿਮਾਰ ਹੋ ਕੇ ਮਰ ਗਈ ਤੇ ਮਿਰਤਕ ਸਰੀਰ ਰੱਖਿਆ ਹੋਇਆ ਹੈ ਤੇ ਤੁਸੀਂ ਚੱਲੋ। ਤੇਜ਼ ਘੋੜਿਆਂ 'ਤੇ ਚੱਲ ਕੇ ਸਸਕਾਰ ਕਰ ਦਿਓ। ਕਹਿੰਦੇ, ਹੁਣ ਤਾਂ ਸਸਕਾਰ ਤੁਸੀਂ ਆਪ ਹੀ ਕਰ ਦਿਓ। ਚਲੀ ਗਈ ਗੁਰੂ ਦੇ ਭਾਣੇ ਦੇ ਅੰਦਰ। ਦੋ ਮੰਜ਼ਲਾਂ ਹੋਰ ਗਏ ਫੇਰ ਆਇਆ ਘੋੜ ਸਵਾਰ। ਕਹਿਣ ਲੱਗਿਆ, ਭਾਈ ਸਾਹਿਬ! ਕੀ ਦੱਸਾਂ, ਗੱਲ ਬਹੁਤ ਬੁਰੀ ਹੋ ਗਈ। ਮੂੰਹ ਤੋਂ ਕਹਿ ਨਹੀਂ ਹੁੰਦੀ। ਕਹਿੰਦੇ, ਕੋਈ ਨਾ ਪ੍ਰੇਮੀਆਂ! ਜੋ ਕੁਛ ਹੁੰਦੈ, ਸਭ ਵਾਹਿਗੁਰੂ ਦੇ ਭਾਣੇ 'ਚ ਹੁੰਦੈ। ਕਹਿੰਦਾ, ਤੁਹਾਡਾ ਲੜਕਾ ਚੜ੍ਹਾਈ ਕਰ ਗਿਆ। ਇਕਲੌਤਾ ਪੁੱਤਰ। ਹੁਣ ਘਰ ਸਾਂਭਣ ਵਾਲਾ ਕੋਈ ਨਹੀਂ। ਕਹਿੰਦੇ, ਇਸ ਤਰ੍ਹਾਂ ਕਰਿਓ, ਸਸਕਾਰ ਕਰ ਦਿਓ। ਜਦੋਂ ਘਰ ਦੀ ਨਾ ਲੋੜ ਹੋਈ ਤੁਸੀਂ ਤਾਲਾ ਲਾ ਦਿਓ। ਮੈਂ ਤਾਂ ਹੁਣ ਗੁਰੂ ਦੇ ਕੰਮ

ਜਾ ਰਿਹਾ ਹਾਂ, ਡਿਊਟੀ ਤੋਂ ਵਾਪਸ ਨਹੀਂ ਆਉਣਾ। ਭਾਈ ਗੁਰਦਾਸ ਜੀ ਸਿਦਕ ਦੇਖ-ਦੇਖ ਕੇ ਕੁਰਬਾਨ ਹੁੰਦੇ ਜਾਂਦੇ ਨੇ ਕਿ ਐਨਾ ਸਿਦਕ ਸਿੱਖ ਦੇ ਅੰਦਰ। 'ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।'

ਸੋ ਮਹਾਰਾਜ ਕਹਿੰਦੇ, ਇਸ ਤਰ੍ਹਾਂ ਸੰਜੀਦ ਹੋਵੇ - ***'ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ। ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।'*** ਨਾਮ ਦਾ ਰਸ ਭੋਗਣਾ। ਜਦੋਂ ਫੇਰ ਪੁਗ ਗਿਆ - ***'ਚੰਦ ਮੁਮਾਰਖ ਈਦ ਪੁਗ ਖਲੋਵਣਾ। '***

ਫੇਰ ਵਧਾਈਆਂ ਮਿਲਦੀਆਂ ਨੇ। ਸੋ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਜੇ ਤੂੰ ਸਿੱਖੀ ਧਾਰਨ ਕਰਨੀ ਹੈ ਤਾਂ ਗੁਰੂ ਦੀ ਗੋਰ 'ਚ ਸਮਾਅ ਜਾ। ਮਨ ਮੱਤ ਦਾ ਤਿਆਗ ਕਰ ਦੇ। ਜਿੰਨਾਂ ਚਿਰ ਮਨ ਮੱਤ ਰਹੇਗੀ, ਮਨ ਦੇ ਅੰਦਰ ਕਲੇਸ਼ ਪੈਦਾ ਹੋਈ ਜਾਣਗੇ। ਵੈਰ ਵਧੇਗਾ, ਵਿਰੋਧ ਵਧੇਗਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀਆਂ ਫੌਜਾਂ ਵਧਣਗੀਆਂ। ਈਰਖਾ, ਨਿੰਦਿਆ, ਚੁਗਲੀ, ਦਵੈਤ ਇਹ ਸਭ ਇਹ ਸਭ ਵਧਣਗੇ। ਗੁਰਮਤਿ ਇਹ ਦਸਦੀ ਹੈ ਕਿ ਉਹ ਕੰਮ ਨਾ ਕਰ, ਨਿਗ੍ਹਾ ਰਖਦੀ ਹੈ ਭਵਿੱਖ ਦੇ ਉਤੇ ਕਿ ਸੰਸਾਰ ਵਿਚ ਕੀਤੇ ਹੋਏ ਕੰਮ ਦਰਗਾਹ ਦੇ ਵਿਚ ਜਾ ਕੇ ਗਿਣੇ ਜਾਂਦੇ ਨੇ। ਉਥੇ ਲੇਖਾ ਦੇਣਾ ਪੈਂਦਾ ਹੈ-

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਅੰਗ - ੯੫੩

ਸੋ ਗੁਰਮਤਿ ਦਿੰਦੀ ਹੈ ਲੰਮੀ ਨਦਰਿ। ਜਿਹੜੀ ਮਨਮਤਿ ਹੈ ਇਹ ਰਾਗ ਦ੍ਵੈਸ਼ ਦੇ ਵਿਚ ਰਖਦੀ ਹੈ, ਵਿਤਕਰੇ 'ਚ ਰਖਦੀ ਹੈ। ਵੈਰ 'ਚ ਰਖਦੀ ਹੈ, ਵਿਰੋਧਾਂ 'ਚ ਰਖਦੀ ਹੈ। ਘਾਟੇ 'ਚ, ਵਾਧੇ 'ਚ ਰਖਦੀ ਹੈ। ਲਭ, ਲੋਭ ਦੇ ਵਿਚ ਰਖਦੀ ਹੈ, ਚਿਤ ਨੂੰ ਟਿਕਣ ਨਹੀਂ ਦਿੰਦੀ। ਜੋ ਗੁਰਮਤਿ ਹੈ ਉਹ ਸਿਖਾਉਂਦੀ ਹੈ, ਜਨਮ ਤੋਂ ਪਹਿਲਾਂ ਤੂੰ ਕੌਣ ਸੀ -

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਹਿਣ ਲੱਗੇ, ਪਾਧਾ ਜੀ! ਆਪ ਨਾ ਲਿਖੀਂ। ਹਿਰਦੇ 'ਤੇ ਜਿਹੜਾ ਲਿਖਣਾ ਹੈ, ਪਹਿਲਾਂ ਗੁਰੂ ਤੋਂ ਪੁੱਛੀਂ। ਗੁਰੂ ਤੋਂ ਜੇ ਨਾ ਪੁੱਛਿਆ, ਇਹਦਾ ਫਲ ਨਹੀਂ ਕੋਈ ਹੋਣਾ। ਨਿਗੁਰੇ ਦੀ ਭਗਤੀ ਕਬੂਲ ਨਹੀਂ ਪੈਂਦੀ। ਗੁਰੂ ਵਾਲੇ ਦੀ ਜਿਹੜੀ ਭਗਤੀ ਹੈ, ਰਿਆਜ਼ਤ ਹੈ, ਉਹ ਥੋੜ੍ਹੀ ਜਿਹੀ ਕੀਤੀ ਹੋਈ ਵੀ ਕਬੂਲ ਪੈਂਦੀ ਹੈ। ਤੂੰ ਗੁਰੂ ਤੋਂ ਪੁੱਛ ਲਈਂ ਪਰ ਚਿੱਤ ਨੂੰ ਲਿਖਾਰੀ ਬਣਾ ਲਈਂ। ਜੇ ਚਿੱਤ ਨਹੀਂ ਲਿਖਾਰੀ ਫੇਰ ਗਲਤੀਆਂ ਕਰੇਂਗਾ। ਲਿਖਣਾ ਕੀ ਹੈ ਉਹਨੇ। ਮਹਾਰਾਜ ਨੇ ਕਿਹੈ ਕਿ ਮਨ ਨੂੰ ਇਕਾਗਰ ਕਰਕੇ ਸਾਰੇ ਪਾਸਿਆਂ ਤੋਂ ਫੁਰਨਿਆਂ ਤੋਂ ਰੋਕ ਕੇ ਫੇਰ ਹਿਰਦੇ ਦੇ ਨਾਲ ਲਿਖ ਲੈ ਅੰਦਰ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਕਹਿੰਦੇ, ਲਿਖ ਨਾਮ। ਫੇਰ ਕਹਿੰਦੇ ਹੋਰ ਕੀ ਲਿਖੀਏ? ਕਹਿੰਦੇ, ਹਰੀ ਦਾ ਜਸ ਲਿਖ। ਕੀਰਤਨ ਕਰ। ਸ਼ਬਦ ਦਾ ਕੀਰਤਨ ਕਰ। ਸਾਲਾਹ ਲਿਖ, ਲਿਖ ਅੰਤ ਨਾ ਪਾਰਾਵਾਰ। ਨਾਲ ਲਿਖਦੇ ਵਾਹਿਗੁਰੂ ਬੇਅੰਤ ਹੈ। ਹਿਰਦੇ ਦੇ ਅੰਦਰ ਕਹਿ ਕਿ ਕਿੰਨੀ ਵੱਡੀ ਦੁਨੀਆਂ ਬਣਾ ਦਿਤੀ। ਕਾਸਤੋਂ ਬਣਾਈ ਹੈ ਇਹ, ਕਿੱਥੋਂ ਪੈਦਾ ਹੋਈ ਹੈ? ਜਿਉਂ-ਜਿਉਂ ਆਦਮੀ ਵਾਹਿਗੁਰੂ ਵੱਲ ਨੂੰ ਜਾਂਦੈ, ਜਿਉਂ-ਜਿਉਂ ਕੁਦਰਤ ਨੂੰ ਫਰੋਲਦੈ, ਪਹਿਲਾਂ ਕਹਿੰਦਾ ਹੈ ਕਿ ਮੈਂ ਪੀਐਚ.ਡੀ ਹਾਂ, ਡੀ.ਲਿਟ ਹਾਂ। ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਫੇਰ ਕੀ ਕਹਿੰਦਾ ਹੈ? ਕਹਿੰਦੈ ਕਿ ਮੈਂ ਤਾਂ ਪਹਿਲੀ ਦਾ ਵੀ ਵਿਦਿਆਰਥੀ ਨਹੀਂ ਰਿਹਾ। ਕਿਉਂਕਿ ਵਿਸ਼ਾਲ ਪੜ੍ਹਾਈ ਹੈ ਇਹ, ਮੁੱਕਣ 'ਚ ਨਹੀਂ ਆਉਂਦੀ।

ਕਹਿੰਦੇ, ਆਹ ਲਿਖ ਲੈ, ਜਿਹੜਾ ਤੈਨੂੰ ਦੱਸਿਆ ਹੈ -

ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥ ਅੰਗ- ੧੬

ਹੈਰਾਨ ਹੋ ਗਿਆ ਪਾਧਾ। ਕਹਿਣ ਲੱਗਿਆ, ਨਾਨਕ ਜੀ! ਤੁਸੀਂ ਮੈਨੂੰ ਬਿਲਕੁਲ ਨਵੀਂ ਪੜ੍ਹਾਈ ਦਸੀ ਹੈ। ਮੈਂ ਤਾਂ ਸੁੰਨਾ ਪਿਆ ਹਾਂ ਇਸ ਗੱਲ ਤੋਂ। ਇਹ ਪੜ੍ਹਾਈ ਦਾ ਮੈਨੂੰ ਨਹੀਂ ਪਤਾ ਸੀ। ਪਰ ਮੈਨੂੰ ਇਕ ਗੱਲ ਦਸ ਦੇ ਮੇਰੀ ਪੜ੍ਹਾਈ ਜਿਹੜਾ ਪੜ੍ਹਦਾ ਹੈ, ਜਦੋਂ ਪੜ੍ਹ ਹਟਦੈ ਫੇਰ ਉਹਨੂੰ ਅਹੁਦੇ ਮਿਲਦੇ ਨੇ। ਹੁਣ ਤੁਹਾਡਾ ਪਿਤਾ ਹੈ, ਉਹਨਾਂ ਨੂੰ ਕਿੱਡਾ ਵੱਡਾ ਅਹੁਦਾ ਮਿਲਿਆ ਹੋਇਆ ਹੈ। ਜਿੰਨੀ ਦੂਰ ਤਕ ਰਿਆਸਤ ਹੈ, ਸਾਰੇ ਦਾ ਹਿਸਾਬ-ਕਿਤਾਬ ਕਰਨਾ, ਇਹ ਤੇਰੇ ਪਿਤਾ ਦੇ ਹੱਥ ਵਿਚ ਹੈ। ਅਹੁਦਾ ਹੈ, ਮਾਣ ਪ੍ਰਾਪਤ ਹੁੰਦੈ। ਰਾਜੇ ਨਾਲ ਤੁਹਾਡੇ ਪਿਤਾ ਜੀ ਦੀ ਬਹੁਤ ਨੇੜਤਾ ਬਣੀ ਹੋਈ ਹੈ। ਹੇ ਨਾਨਕ ਜੀ! ਮੈਨੂੰ ਵੀ ਇਹ ਦਸੋ ਕਿ ਇਹ ਪੜ੍ਹਾਈ ਪੜ੍ਹਨ 'ਤੇ ਕੋਈ ਅਹੁਦਾ ਵੀ ਮਿਲਦੈ?

ਸ੍ਰੀ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, ਦੇਖੋ ਪਾਧਾ ਜੀ! ਇਸ ਸੰਸਾਰ 'ਤੇ ਸਦਾ ਰਹਿਣਾ ਨਹੀਂ ਹੈ, ਇਥੋਂ ਚਲੇ ਜਾਣਾ ਹੈ। ਜੋ ਕੁਛ ਆਪਾਂ ਇਥੇ ਕਰਨਾ ਹੈ ਉਹਦਾ ਲੇਖਾ ਪੱਤਾ ਉਥੇ ਹੋਣਾ ਹੈ ਜਿਹੜਾ ਲੇਖਾ ਮੈਂ ਤੁਹਾਨੂੰ ਦਸਿਆ ਹੈ। ਜੇ ਇਹ ਲੇਖਾ ਤੁਸੀਂ ਲਿਖਿਆ ਤਾਂ ਉਸ ਵੇਲੇ ਤੁਹਾਨੂੰ ਦਰਗਾਹ ਵਿਚ ਉੱਚਾ ਥਾਂ ਮਿਲ ਜਾਏਗਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਦਰਗਾਹ ਮਿਲ ਜਾਊ ਥਾਉਂ,
ਬਾਬਾ ਇਹ ਲੇਖਾ ਤੂੰ ਲਿਖ ਲੈ।

ਕਹਿਣ ਲੱਗੇ, ਪਾਧਾ ਜੀ! ਤੁਸੀਂ ਅਹੁਦਿਆਂ ਦੀ ਗੱਲ ਕਰਦੇ ਹੋਂ, ਸਾਰਿਆਂ ਤੋਂ ਵੱਡਾ ਅਹੁਦਾ ਮਿਲ

ਜਾਂਦਾ ਹੈ। ਨਿਰੰਕਾਰ ਦੀ ਦਰਗਾਹ ਵਿਚ ਥਾਂ ਮਿਲ ਜਾਂਦੈ, ਜਿਥੇ ਕਾਲ ਦੀ ਦੁਬਾਰਾ ਪਹੁੰਚ ਨਹੀਂ ਹੁੰਦੀ। ਦੁਬਾਰਾ ਨਹੀਂ ਉਥੋਂ ਗਿਰਦਾ। ਸਦਾ ਵਾਸਤੇ ਅਨੰਦ ਵਿਚ ਰਹਿੰਦਾ ਹੈ –

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥

ਅੰਗ- ੧੬

ਸਦਾ ਹੀ ਆਦਮੀ ਖੁਸ਼ ਰਹਿੰਦਾ ਹੈ। ਅਸੀਂ ਥੋੜ੍ਹੀ ਦੇਰ ਵਾਸਤੇ ਖੁਸ਼ ਹੁੰਦੇ ਹਾਂ ਫੇਰ ਨਿਰਾਸ਼ ਹੋ ਜਾਂਦੇ ਹਾਂ, ਫੇਰ ਛਿੱਥੇ ਪੈ ਜਾਂਦੇ ਹਾਂ, ਫੇਰ ਸਾਡੇ ਅੰਦਰ ਉੱਥਲ-ਪੁਥੱਲ ਹੋਣ ਲਗ ਜਾਂਦੀ ਹੈ। ਸਾਡਾ ਚਾਉ ਮਰ ਜਾਂਦਾ ਹੈ। ਮਾੜਾ-ਮੋਟਾ ਕਿਸੇ ਦੇ ਅੰਦਰ ਚਾਉ ਰਹਿ ਗਿਆ ਅੱਜਕੱਲ੍ਹ ਤਾਂ ਚਾਉ ਨਹੀਂ ਉਪਜਦਾ। ਪਹਿਲੇ ਸਮਿਆਂ ਵਿਚ ਮਾੜੀ ਜਿਹੀ ਚੀਜ਼ ਨਾਲ ਹੀ ਚਾਉ ਹੋ ਜਾਂਦਾ ਸੀ। ਜੇ ਘਰ ਵਿਚ ਕੋਈ ਸਪੈਸ਼ਲ ਸਬਜ਼ੀ ਬਣਾ ਲਈ ਉਹਦਾ ਹੀ ਚਾਉ ਹੋ ਜਾਂਦਾ ਸੀ। ਹੁਣ ਬੁਝ ਗਿਆ ਮਨ, ਕਿਸੇ ਵਿਰਲੇ ਦੇ ਮਨ ਵਿਚ ਚਾਉ ਉਠਦੈ।

ਕਹਿੰਦੇ, ਉਥੇ ਸਦਾ ਦਾ ਚਾਉ ਹੁੰਦੈ। vibration ਰਹਿੰਦੀ ਹੈ। ਖੁਸ਼ੀ ਨਾਲ ਭਰਿਆ ਰਹਿੰਦਾ ਹੈ ਹਰ ਵਕਤ। ਉਸ ਥਾਂ ਦੇ ਉਤੇ ਜਿਨ੍ਹਾਂ ਨੇ ਲੇਖੇ ਲਿਖੇ ਨੇ –

ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥

ਅੰਗ - ੧੬

ਕਹਿੰਦੇ, ਉਹਨਾਂ ਦੇ ਨਿਸ਼ਾਨ ਲਗਾ ਦਿੰਦੈ ਨਿਰੰਕਾਰ। ਜਿਵੇਂ ਟਿੱਕਾ ਲੱਗਿਆ ਹੁੰਦੈ, ਇਸ ਤਰ੍ਹਾਂ ਨਿਸ਼ਾਨ ਲਗਾ ਦਿੰਦੈ ਕਿ ਇਹਨੂੰ ਦੇ ਦਿਓ, ਥਾਂ-ਥਾਂ, ਇਹਨੂੰ ਦੇ ਦਿਓ। ਸਦਾ ਖੁਸ਼ੀਆਂ ਵਾਲਾ ਥਾਉਂ ਹੈ। ਸਦਾ ਹੀ ਚਾਉ ਵਾਲਾ ਥਾਉਂ।

ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥

ਅੰਗ- ੧੬

ਇਹਦੇ 'ਚ ਵਾਹਿਗੁਰੂ ਦੀ ਮਿਹਰ ਹੋ ਜਾਵੇ। ਕਿਉਂਕਿ ਜਦੋਂ ਇਹ ਲੇਖਾ ਲਿਖੇਂਗਾ, ਵਾਹਿਗੁਰੂ ਦੀ ਮਿਹਰ ਕੁਦਰਤੀ ਤੌਰ 'ਤੇ ਹੋਣੀ ਹੈ। ਨਹੀਂ ਤਾਂ ਪੰਡਤ ਜੀ! ਐਵੇਂ ਗੱਲਾਂ ਬਾਤਾਂ ਹੀ ਨੇ ਸੰਸਾਰ ਦੇ ਅੰਦਰ ਤੇ ਵੱਡੇ-ਵੱਡੇ ਜਿਹੜੇ ਸੰਸਾਰ 'ਤੇ ਆਉਂਦੇ ਨੇ। ਜਿਨ੍ਹਾਂ ਨੂੰ ਤੁਸੀਂ ਵੱਡੇ-ਵੱਡੇ ਕਹਿੰਦੇ ਹੈਂ, ਮੈਨੂੰ ਤੁਸੀਂ ਕਿਹਾ ਸੀ ਵੱਡੇ ਅਹੁਦੇ ਮਿਲ ਜਾਣਗੇ। ਕਹਿੰਦੇ, ਵੱਡੇ ਅਹੁਦਿਆਂ ਵਾਲਿਆਂ ਨੂੰ ਤਾਂ ਛੱਡੋ ਜਿਹੜੇ ਰਾਜੇ ਮਹਾਰਾਜੇ ਨੇ ਇਹ ਵੀ ਜਿਹੜੇ ਨੇ ਇਹਨਾਂ ਦਾ ਜਨਮ ਵੀ ਬਿਰਥਾ ਜਾਂਦਾ ਹੈ –

ਇਕਿ ਆਵਹਿ ਇਕਿ ਜਾਹਿ
ਉਠਿ ਰਖੀਅਹਿ ਨਾਵ ਸਲਾਰ ॥ *ਅੰਗ - ੧੬*

ਸਰਦਾਰ ਕਹਿੰਦੇ ਨੇ, ਸਿਪਹਸਾਲਾਰ ਕਹਿੰਦੇ ਨੇ, ਇਹ ਆਉਂਦੇ ਨੇ, ਮਰ ਜਾਂਦੇ ਨੇ। ਫੇਰ ਜੰਮ ਪੈਂਦੇ ਨੇ, ਮਰ ਜਾਂਦੇ ਨੇ –

ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥

ਅੰਗ - ੧੬

ਇਕ ਬਹੁਤ ਵੱਡੇ ਮਾਣ ਪਾਉਂਦੇ ਨੇ, ਇਕ ਮੰਗਦੇ ਫਿਰਦੇ ਨੇ –

ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥ ੩ ॥

ਅੰਗ - ੧੬

ਜੇ ਇਹ ਲੇਖਾ ਨਹੀਂ ਨਾ ਲਿਖਿਆ ਤਾਂ ਕਹਿੰਦੇ, ਉਹ ਬੇਕਾਰ ਹੈ। ਕਿਸੇ ਕੰਮ ਦਾ ਨਹੀਂ। ਬੇਕਾਰ ਇਕ ਤਾਂ ਅਸੀਂ ਕਹਿੰਦੇ ਹਾਂ ਵਿਹਲਾ ਤੁਰਿਆ ਫਿਰਦਾ ਹੈ। ਵਿਹਲਾ ਨਹੀਂ ਬੇਕਾਰ। ਜੋ ਚੀਜ਼ ਕਿਸੇ ਵੀ ਕੰਮ ਨਾ ਆਵੇ। ਮਾੜੀ ਮੋਟੀ ਸੁਆਹ ਵੀ ਕੰਮ ਆਉਂਦੀ ਹੈ ਭਾਂਡੇ ਮਾਂਜਣ ਦੇ। ਮਿੱਟੀ ਵੀ ਕੰਮ ਆਉਂਦੀ ਹੈ। ਮਹਾਰਾਜ ਕਹਿੰਦੇ, ਉਹ ਬੰਦਾ ਕਿਸੇ ਕੰਮ ਨਹੀਂ ਆਉਂਦਾ, ਉਹਦਾ ਨਾਮ ਨੂੰ ਭੁੱਲ ਕੇ ਬਿਰਥਾ ਜੀਵਨ ਜਾਂਦੈ। ਬਾਕੀ ਜਿਹੜੇ ਤੁਸੀਂ ਵੱਡੇ-ਵੱਡੇ ਕਹਿੰਦੇ ਹੋਂ ਕਿ ਫਲਾਣਾ ਨਵਾਬ ਹੈ, ਬਾਦਸ਼ਾਹ ਹੈ। ਇਹ ਦਰਗਾਹ ਦੇ ਵਿਚ ਜਾ ਕੇ ਕੁਛ ਨਹੀਂ ਹੁੰਦੇ, ਇਹ ਤਾਂ ਸਭ ਸਭ ਖਤਮ ਹੋਣ ਵਾਲੀਆਂ ਚੀਜ਼ਾਂ ਨੇ –

ਧਾਰਨਾ - ਵੱਡੇ-ਵੱਡੇ ਦੁਨੀਆਂ ਦੇ ਰਾਜੇ,
ਨਾਮ ਬਿਨਾਂ ਥੇਹ ਬਣ ਗਏ।

ਪਾਧਾ ਜੀ! ਜਿਹੜੀਆਂ ਗੱਲਾਂ 'ਚ ਤੁਸੀਂ ਤੁਰੇ ਫਿਰਦੇ ਹੋਂ ਨਾ ਕਿ ਦੁਨਿਆਵੀ ਤਰੱਕੀ ਹੁੰਦੀ ਹੈ, ਕਹਿੰਦੇ, ਜੋ ਸੰਸਾਰ ਦੇ ਉਤੇ ਵੱਡੇ-ਵੱਡੇ ਨੇ –

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥

ਅੰਗ - ੧੬

ਇਸ ਸੰਸਾਰ 'ਤੇ ਰਹਿਣਾ ਨਹੀਂ। ਇਸ ਕਰਕੇ ਤੁਸੀਂ ਸੱਚ ਦੀ ਪੜ੍ਹਾਈ ਪੜ੍ਹ ਲਓ। ਸੱਚ ਦਾ ਲੇਖਾ ਲਿਖ ਲਓ।

(ਵੀਡੀਓ ਫਿਲਮ ਦੀਵਾਨ ਨੰ: 310)

'ਚਲਦਾ.....।

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ)

ਸੰਤ ਬਾਬਾ ਲਖਬੀਰ ਸਿੰਘ ਜੀ
ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-41)

ਕਾਫੀ ਸਾਲਾਂ ਦੀ ਗੱਲ ਹੈ ਇਕ ਬੰਗਾਲੀ ਸੀ। ਉਹ ਸਿਆਣਾ ਬਣਿਆ ਹੋਇਆ, ਲੋਕ ਉਹਦੇ ਕੋਲ ਜਾਂਦੇ ਸੀ। ਜਿਹੜਾ ਉਹਦੇ ਕੋਲ ਆਉਣਾ ਉਹਨੇ ਕਹਿਣਾ, ਇਥੇ ਉਂਗਲ ਰੱਖ, ਚਰਖੀ ਜਿਹੀ ਘੁੰਮਾਉਣੀ, ਕਹਿਣਾ ਤੇਰੀ ਉਂਗਲ ਥੱਲੇ ਆਹ ਨੰਬਰ ਆਇਆ ਹੈ। ਸੈਟਿੰਗ ਹੁੰਦੀ ਸੀ ਸਾਰੀ। ਸ਼ਿਕਾਗੋ ਅਸੀਂ ਗਏ, ਉਥੇ ਨਨਕਾਣਾ ਸਾਹਿਬ ਦੇ ਨੇੜੇ ਦਾ ਇਕ ਮੁਸਲਮਾਨ ਵੀਰ ਮਿਲਿਆ। ਕਹਿਣ ਲੱਗਿਆ, ਜੀ ਸਾਡੇ ਕੋਲ ਇਕ ਪੀਰ ਹੈ। ਜਿਹੜੇ ਲੋਕ ਵਿਚਾਰੇ ਆਉਂਦੇ ਨੇ, ਉਹਨੇ ਸੱਤ ਦਰਵਾਜ਼ੇ ਰੱਖੇ ਨੇ। ਕਹਿੰਦੇ, ਜਿਹਨੂੰ ਪੁੱਤਰ ਦੀ ਲੋੜ ਹੈ, ਕੋਈ ਕਹਿੰਦੈ ਕਿ ਮੇਰੇ ਕੋਲ ਪੁੱਤਰ ਨਹੀਂ ਉਹਨੂੰ 1 ਨੰਬਰ ਦਰਵਾਜ਼ੇ ਵੱਲ ਦੀ ਭੇਜਦੇ ਹਨ। ਜਿਹੜਾ ਬਿਮਾਰ ਹੈ 2 ਨੰਬਰ, ਵੀਜ਼ਾ ਲਵਾਉਣ ਵਾਲਾ 3 ਨੰਬਰ, ਕਾਰੋਬਾਰ ਨਹੀਂ ਚਲਦਾ 4 ਨੰਬਰ ਦਰਵਾਜ਼ੇ ਰਾਹੀਂ, ਸੋ ਸੱਤਾਂ ਦਰਵਾਜ਼ਿਆਂ ਵਿਚ ਜਾਈ ਜਾਂਦੇ ਨੇ ਸਾਰੇ। ਚੇਲੇ ਉਹਦੇ ਭੇਜਦੇ ਨੇ। ਉਹ ਕਹਿੰਦਾ ਹੈ ਕਿ ਹਾਂ ਭਾਈ! ਤੁਹਾਡੇ ਘਰ ਓਲਾਦ ਨਹੀਂ ਪੁੱਤਰ ਚਾਹੀਦਾ ਹੈ? ਉਹ ਕਹਿੰਦੇ ਨੇ ਕਿ ਬਾਬਾ ਤਾਂ ਬੜਾ ਜਾਣੀਜਾਣ ਹੈ। 2 ਨੰਬਰ ਵਲ ਚਲਿਆ ਗਿਆ, ਕਿਉਂ ਭਾਈ ਬਿਮਾਰ ਰਹਿੰਦੇ ਹੋ ਤੁਸੀਂ? ਹੁਣ ਮੋਬਾਈਲ ਨੇ, ਹੁਣ ਤਾਂ ਇਸ 'ਤੇ ਹੀ ਸਾਰਾ ਕੁਝ ਸੈੱਟ ਹੋ ਜਾਂਦੈ। ਜਿਹੜੇ ਲੋਕ ਬਿਮਾਰ ਹੁੰਦੇ ਨੇ ਉਹਨਾਂ ਦੇ ਵਿਚ ਹੀ ਉਹਨਾਂ ਦੇ ਚੇਲੇ ਬਹਿ ਜਾਂਦੇ ਨੇ, ਉਹਨਾਂ ਨੂੰ ਪੁੱਛ-ਗਿੱਛ ਕੇ, ਅੱਗੇ ਦਸੀਂ ਜਾਂਦੇ ਨੇ ਸਾਰੀ ਗੱਲ। ਆਹ ਹਾਲ ਹੈ।

ਜਿਹੜਾ ਬੰਗਾਲੀ ਸੀ ਉਹਨੇ ਕਹਿਣਾ ਤੁਹਾਡੇ ਥੱਲੇ ਆਹ ਨੰਬਰ ਆ ਗਿਆ, ਉਹਨੇ ਫੇਰ ਗੱਲਬਾਤ ਨਾਲ ਮਗਰ ਲਾ ਲੈਣਾ। ਕਹਿਣ ਲੱਗਾ, ਦੱਸੋ ਜੀ! ਕੀ ਗੱਲ ਹੈ? ਉਹ ਜਿਹੜੇ ਦੋਵੇਂ ਜੀਅ ਗਏ ਸੀ, ਘਰਵਾਲਾ ਕਹਿਣ ਲੱਗਿਆ ਕਿ ਮੇਰੀ ਜਿਹੜੀ ਘਰਵਾਲੀ ਹੈ ਇਹ ਮੇਰੇ ਨਾਲ ਲੜਦੀ ਬਹੁਤ ਹੈ। ਉਹਨੇ ਹੁਣ ਅੱਖਾਂ ਵਗੈਰਾ ਮੀਟੀਆਂ, ਹੋਰ ਏਧਰ-ਉਧਰ ਦੀਆਂ ਗੱਲਾਂ ਕੀਤੀਆਂ।

ਕਹਿਣ ਲੱਗਾ, ਦੇਖੋ ਜੀ! ਇਹ ਲੜੇ ਕਿਉਂ ਨਾ। ਪਿਛਲੇ ਜਨਮ 'ਚ ਤੂੰ ਸ਼ਿਕਾਰੀ ਸੀ, ਇਹ ਹਿਰਨੀ ਸੀ। ਤੂੰ ਇਹਨੂੰ ਪਿਛਲੇ ਜਨਮ 'ਚ ਗੋਲੀ ਮਾਰੀ ਹੈ। ਇਸ ਕਰਕੇ ਉਹ ਬਦਲਾ ਤੇਰੇ ਕੋਲੋਂ ਲੈ ਰਹੀ ਹੈ ਤਾਂ ਤੇਰੇ ਨਾਲ ਲੜਦੀ ਹੈ। ਅੱਗੇ ਤਾਂ ਬੀਬੀ ਨੂੰ ਪਤਾ ਸੀ ਕਿ ਇਹ ਮੇਰਾ ਪਤੀ ਹੈ ਤੇ ਮੈਂ ਪਤਨੀ ਹਾਂ। ਹੁਣ ਤਾਂ ਨਵਾਂ ਪੰਗਾ ਹੋ ਗਿਆ। ਇਹ ਤੇ ਮੇਰਾ ਵੈਰੀ ਹੈ, ਇਹਨੇ ਗੋਲੀ ਮਾਰੀ ਹੈ, ਹੁਣ ਰੋਟੀ ਪਕਾਓ। ਨਵੇਂ ਸਿਆਪੇ ਖੜ੍ਹੇ ਹੋ ਜਾਂਦੇ ਨੇ। ਆਹ ਹੈ ਕੰਮ ਸਿਆਣਿਆਂ ਦਾ।

ਅੱਜਕੱਲ੍ਹ ਦੇ ਸਿਆਣੇ ਜਿਹੜੇ ਨੇ ਘਰ-ਘਰ ਅੱਗ ਲਾ ਰਹੇ ਨੇ। ਭਰਾ-ਭਰਾ ਨੂੰ ਦੂਰ ਕਰ ਰਹੇ ਨੇ। ਨੂੰਹ-ਸੱਸ ਨੂੰ ਦੂਰ ਕਰ ਰਹੇ ਨੇ। ਭੈਣ-ਭਾਈ ਨੂੰ ਦੂਰ ਕਰ ਰਹੇ ਨੇ। ਪਿਉ-ਪੁੱਤਾਂ ਨੂੰ ਦੂਰ ਕਰ ਰਹੇ ਨੇ। ਆਂਢ-ਗੁਆਂਢ ਵਿਚ ਝਗੜਾ ਪਾ ਰਹੇ ਨੇ, ਰਿਸ਼ਤੇਦਾਰਾਂ ਵਿਚ ਝਗੜਾ ਪਾ ਰਹੇ ਨੇ।

ਤੁਹਾਨੂੰ ਆਪਣੇ ਪਰਿਵਾਰ ਦੀ ਗੱਲ ਦਸਦਾ ਹਾਂ। ਮੇਰੇ ਤੋਂ 4 ਸਾਲ ਵੱਡੇ ਨੇ ਵੱਡੇ ਭੈਣ ਜੀ। ਉਹਨਾਂ ਦੀ ਨਨਾਣ ਜਿਹੜੀ ਸੀ, ਉਹ ਜਦੋਂ ਵਿਆਹੀ ਗਈ ਤੇ ਸਮਾਂ ਲੰਘ ਗਿਆ, ਘਰ ਬੱਚਾ ਨਾ ਹੋਇਆ। ਜਿਸ ਵਕਤ ਬੱਚਾ ਹੋਇਆ ਤਾਂ ਸੱਸ ਲੈ ਤੁਰੀ, ਸੱਸਾਂ ਕਿਹੜਾ ਉਡੀਕਦੀਆਂ ਨੇ। ਉਹ ਲੈ ਗਈ ਕਿਸੇ ਸਿਆਣੇ ਕੋਲ। ਓਸ ਕਮਲੇ ਸਿਆਣੇ ਨੂੰ ਇਹ ਨਹੀਂ ਸੀ ਪਤਾ ਕਿ ਗੱਲ ਕਰਨ ਕੀ ਲੱਗਾਂ। ਉਹਨੇ ਕਹਿ ਦਿਤਾ ਕਿ ਤੈਨੂੰ ਜੋ ਕੁਛ ਕੀਤੈ ਤੇਰੀ ਵੱਡੀ ਭਰਜਾਈ ਨੇ ਕੀਤਾ ਹੈ ਤਾਂ ਤੇਰੇ ਘਰ ਓਲਾਦ ਨਹੀਂ ਹੈ। ਹੁਣ ਉਹਦੀ ਵੱਡੀ ਭਰਜਾਈ, ਸਾਡੀ ਸਕੀ ਭੈਣ ਸੀ ਵੱਡੀ, ਅੰਮ੍ਰਿਤਧਾਰੀ। ਉਹ ਕਹਿਣ ਲੱਗੀ, ਇਹ ਗੱਲ ਹੋ ਨਹੀਂ ਸਕਦੀ। ਮੈਂ ਇਹ ਗੱਲ ਨਹੀਂ ਮੰਨਦੀ। ਜਦੋਂ ਉਹਨੂੰ ਪਤਾ ਲੱਗਾ ਸੁਨੇਹਾ ਭੇਜਿਆ ਕਿ ਅਸੀਂ ਆ ਰਹੇ ਹਾਂ, ਬੜੀ ਦੇਰ ਦੀ ਗੱਲ ਹੈ। ਉਹ ਕਹਿੰਦਾ, ਮੈਨੂੰ ਨਹੀਂ ਸੀ ਪਤਾ ਕਿ ਉਹ ਤੁਹਾਡੀ ਭੈਣ ਸੀ।

ਅਸੀਂ ਤਾਂ ਇਹੀ ਕੰਮ ਕਰਦੇ ਹਾਂ ਕਿਸੇ ਨੂੰ ਕਹਿ ਦਿਤਾ ਕਿ ਤੇਰੀ ਭਰਜਾਈ ਨੇ ਕੀਤਾ, ਕਿਸੇ ਨੂੰ ਕਹਿ ਦਿਤਾ ਤੇਰੀ ਦਰਾਣੀ ਨੇ ਕੀਤੈ, ਕਿਸੇ ਨੂੰ ਕਹਿ ਦਿਤਾ ਤੇਰੀ ਜਠਾਣੀ ਨੇ ਕੀਤੈ, ਕਿਸੇ ਨੂੰ ਕਹਿ ਦਿਤਾ ਤੇਰੇ ਗੁਆਂਢੀਆਂ ਨੇ ਕੀਤਾ ਹੈ। ਸਾਨੂੰ ਕੀ ਪਤਾ ਸੀ ਕਿ ਉਹਦੀ ਭਰਜਾਈ ਤੁਹਾਡੀ ਭੈਣ ਹੈ। ਇਸ ਕਰਕੇ ਸਾਨੂੰ ਦੇ ਦਿਓ ਮਾਫੀ ਭਾਈ। ਉਹ ਤਾਂ ਨਾਂ ਸੁਣ ਕੇ ਡਰ ਗਿਆ ਕਿ ਇਹ ਤਾਂ ਉਹਨਾਂ ਦੀ ਭੈਣ ਹੈ।

ਆਹ ਹਾਲ ਹੈ ਭਾਈ ਲੋਕਾਂ ਦਾ। ਇਸ ਕਰਕੇ ਜਿਹੜੀ ਦਾਸ ਨੇ ਬੇਨਤੀ ਕੀਤੀ ਹੈ, ਇਹ ਦੁਖ-ਸੁਖ ਸਰੀਰ ਦੇ ਕੱਪੜੇ ਨੇ। ਸਮਰੱਥ ਗੁਰੂ ਤੇ ਭਰੋਸਾ ਰੱਖੋ ਤੇ ਇਧਰ-ਉਧਰ ਭਟਕੋ ਨਾ। ਜਿਹੜੇ ਲੋਕ ਕਹਿੰਦੇ ਨੇ ਕਿ ਅਸੀਂ ਸਿਆਣਿਆਂ ਕੋਲ ਜਾਣਾ ਹੈ, ਉਹ ਸਿਆਣੇ ਨਹੀਂ, ਉਹ ਕਮਲੇ ਨੇ। ਕੀ ਕੁਛ ਹੋ ਰਿਹਾ ਅੱਜ ਵੀ। ਪੜ੍ਹਿਆ-ਲਿਖਿਆ ਸੰਸਾਰ ਪਰ ਅੱਜ ਵੀ ਦੇਖੋ ਅਖਬਾਰਾਂ ਵਿਚ ਕੀ ਕੁਝ ਆ ਰਿਹਾ ਹੈ। ਲੋਕ ਫੇਰ ਨਹੀਂ ਮੁੜਦੇ ਉਸ ਪਾਸੇ ਜਾਣ ਤੋਂ। ਇਸ ਕਰਕੇ ਜੇ ਮੱਤ ਲੈਣੀ ਹੈ ਤਾਂ ਗੁਰੂ ਦੀ ਮੱਤ ਲਓ, ਪਿਆਰਿਓ। ਬਾਕੀ ਹੋਰ ਕਿਸੇ ਕਮਲੇ ਦੀ ਮੱਤ ਨਾ ਲਓ। ਤਾਂ ਹੀ ਮਹਾਰਾਜ ਸਾਨੂੰ ਇਹ ਬਚਨ ਕਰਦੇ ਨੇ -

ਗੁਰ ਕੀ ਮਤਿ ਤੂੰ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥ *ਅੰਗ - ੨੮੮*

ਪਖੰਡ ਬਹੁਤ ਹੋ ਰਿਹੈ।

ਸੰਨ 1975 ਦੀ ਗੱਲ ਹੈ, ਪਿਆਰੇ ਮਹਾਂਪੁਰਸ਼ ਉਸ ਵੇਲੇ ਯੂ.ਪੀ ਵਿਚ ਪ੍ਰਚਾਰ ਕਰ ਰਹੇ ਸੀ। ਕਹਿਣ ਲੱਗੇ, ਉਥੇ ਇਕ ਬੀਬੀ ਹੈ ਉਹਦੇ ਵਿਚ ਬਾਬਾ ਦੀਪ ਸਿੰਘ ਜੀ ਆਉਂਦੇ ਨੇ। ਹੋਰ ਤਾਂ ਛੱਡੋ ਤੁਸੀਂ ਗੱਲਾਂ, ਲੋਕਾਂ ਦਾ ਹਾਲ ਦੇਖ ਲਓ। ਮਹਾਂਪੁਰਸ਼ਾਂ ਨੇ ਵਿਚਾਰ ਕੀਤੀ ਕਿ ਭਾਈ, ਅਸੀਂ ਗੁਰਸਿੱਖੀ ਦਾ, ਗੁਰਮਤਿ ਦਾ ਪ੍ਰਚਾਰ ਕਰ ਰਹੇ ਹਾਂ, ਇਸ ਇਲਾਕੇ ਵਿਚ ਇਹੋ ਜਿਹੇ ਕੰਮ ਨਹੀਂ ਹੋਣੇ ਚਾਹੀਦੇ। ਮਹਾਂਪੁਰਸ਼ ਉਸ ਘਰ ਵਿਚ ਚਲੇ ਗਏ। ਉਹ ਜਿਹੜੀ ਬੀਬੀ ਪਖੰਡਣ ਸੀ, ਉਹਨੇ ਹੱਥ ਵਿਚ ਕਿਰਪਾਨ ਫੜੀ ਤੇ ਘੁੰਮਾਉਣ ਲਗ ਪਈ। ਮਹਾਂਪੁਰਸ਼ਾਂ ਨੂੰ ਕਹਿਣ ਲੱਗੀ, ਅਸੀਂ ਤੁਹਾਡੇ 'ਤੇ ਬਹੁਤ ਖੁਸ਼ ਹਾਂ ਜੀ। ਮਤਲਬ ਬਾਬਾ ਦੀਪ ਸਿੰਘ ਜੀ ਬੋਲ ਰਹੇ ਨੇ। ਤੁਸੀਂ ਪ੍ਰਚਾਰ ਡੱਟ ਕੇ ਕਰੋ।

ਮਹਾਂਪੁਰਸ਼ ਕਹਿੰਦੇ, ਬਹਿ ਜਾਹ ਬੀਬੀ। ਤੁਸੀਂ ਬਾਬਾ ਦੀਪ ਸਿੰਘ ਹੋਂ?

ਕਹਿੰਦੀ, ਹਾਂ।

ਕਹਿੰਦੇ, ਫੇਰ ਜਾਪੁ ਸਾਹਿਬ ਸੁਣਾਓ।

ਹੈ ਤਾਂ ਬੀਬੀ ਸੀ ਅਨਪੜ੍ਹ, ਉਹਨੂੰ ਤਾਂ ਮੂਲਮੰਤ੍ਰ ਵੀ ਨਹੀਂ ਆਉਂਦਾ ਸੀ। ਮੈਂ ਤਾਂ ਦਸ ਰਿਹਾ ਕਿ ਅੱਜਕੱਲ੍ਹ ਕੀ ਹੋ ਰਿਹੈ। ਅੱਜ ਦੇ ਸਮੇਂ ਵੀ, ਆਹ ਥੋੜ੍ਹੇ ਸਾਲਾਂ ਦੀ ਗੱਲ ਹੈ ਇਕ ਬੀਬੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਆਪਣੇ ਚੇਲਿਆਂ ਨੂੰ ਕਹਿਣ ਲੱਗੀ ਕਿ ਅੱਜ ਤੁਹਾਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਾਉਣੇ ਨੇ। ਜਿਥੇ ਉਹਨੇ ਆਪਣੀ ਸੰਗਤ ਬਿਠਾਈ ਸੀ ਪਿੱਛੇ ਕਮਰੇ 'ਚ। ਚਿੱਟੀ ਦਾੜ੍ਹੀ ਲਾ ਲਈ ਤੇ ਪੀਲੇ ਕੱਪੜੇ ਪਾ ਲਏ, ਹੱਥ 'ਚ ਕਮੰਡਲ ਫੜ ਲਿਆ ਤੇ ਦਰਵਾਜ਼ੇ 'ਚੋਂ ਬਾਹਰ ਨਿਕਲੀ ਹੱਥ ਖੜ੍ਹਾ ਕਰਕੇ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।' ਅੰਨ੍ਹੇ ਲੋਕ ਜੈਕਾਰੇ ਛੱਡਣ ਲਗ ਪਏ। ਜੋ ਫਿਰ ਭਾਣਾ ਬਾਅਦ 'ਚ ਵਰਤਿਆ ਉਹ ਮੈਂ ਦਸ ਨਹੀਂ ਸਕਦਾ। ਆਹ ਹਾਲ ਹੋ ਰਿਹੈ।

ਮਹਾਂਪੁਰਸ਼ ਉਸ ਬੀਬੀ ਨੂੰ ਕਹਿਣ ਲੱਗੇ ਕਿ ਜਾਪੁ ਸਾਹਿਬ ਸੁਣਾਓ। ਬਾਕੀ ਗੱਲ ਤਾਂ ਫੇਰ ਕਰਦੇ ਹਾਂ।

ਹੁਣ ਬੀਬੀ ਨੂੰ ਅੱਗੋਂ ਗੱਲ ਨਾ ਆਵੇ।

ਮਹਾਂਪੁਰਸ਼ ਕਹਿਣ ਲੱਗੇ, ਖੋਲ੍ਹ ਅੱਖਾਂ, ਪਾਖੰਡ ਛੱਡ ਦੇ। ਆਹ ਹਾਲ ਹੈ ਦੁਨੀਆਂ ਦਾ।

ਮੈਂ ਬੇਨਤੀ ਕਰ ਰਿਹਾ ਸੀ ਕਿ ਸੁਚੇਤ ਹੋਵੋ। ਉਹ ਜਿਹੜਾ ਬੰਦਾ ਸੀ ਜਿਹੜਾ ਕਹਿੰਦਾ ਸੀ ਕਿ ਭਗਤ ਕਬੀਰ ਜੀ ਦੀ ਮੈਂ ਬਰਾਬਰੀ ਕਰਨੀ ਹੈ। ਮੈਨੂੰ ਵੀ ਲੋਕ ਧੰਨ ਕਬੀਰ ਆਖਣਗੇ। ਉਹਨੂੰ ਲੋਕਾਂ ਨੇ ਬੰਨ੍ਹ ਦਿਤਾ ਕਿ ਇਹਦੇ ਵਿਚ ਭੂਤ ਬੋਲਦੈ, ਪ੍ਰੇਤ ਬੋਲਦੈ।

ਫੇਰ ਕੱਢਦੇ ਕਿਵੇਂ ਨੇ?

ਕੁੱਟ ਕੇ। ਆਮ ਹੀ ਹੈ ਸੰਗਲਾਂ ਨਾਲ ਕੁੱਟਦੇ ਨੇ। ਜਿੰਨਾਂ ਤੜਫਦੈ ਵਿਚਾਰਾ ਕਹਿੰਦੇ ਨੇ ਭੂਤ ਰੋ ਰਿਹੈ। ਉਹਦੀ ਜਾਨ ਨਿਕਲ ਜਾਂਦੀ ਹੈ। ਸੋ ਜਦੋਂ

ਥੰਮ ਨਾਲ ਬੰਨ੍ਹ ਕੇ ਲੋਕੀਂ ਕੁੱਟਣ ਲੱਗੇ, ਉਧਰੋਂ ਭਗਤ ਕਬੀਰ ਜੀ ਆ ਗਏ।

ਕਹਿੰਦੇ, ਕਿਉਂ ਬਈ ਸੁਣਾ?

ਕਹਿੰਦਾ, ਮਹਾਰਾਜ! ਹੁਣ ਤੁਹਾਡੀ ਰੀਸ ਨਹੀਂ ਕਰਦਾ, ਇਕ ਵਾਰੀ ਮੈਨੂੰ ਛੁਡਾ ਦਿਓ।

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥

ਅੰਗ - ੧੩੮੪

ਮਹਾਰਾਜ ਕਹਿੰਦੇ, ਪਿਆਰਿਓ! ਬਗਲਾ, ਹੰਸ ਦੀ ਰੀਸ ਨਹੀਂ ਕਰ ਸਕਦਾ। ਮਨਮੁੱਖ, ਗੁਰਮੁਖਾਂ ਦੀ ਰੀਸ ਨਹੀਂ ਕਰ ਸਕਦੇ।

ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥
ਬਗੁਲਾ ਕਾਗੁ ਨ ਰਹਈ ਸਰਵਰਿ
ਜੇ ਹੋਵੈ ਅਤਿ ਸਿਆਣਾ ॥
ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ ॥

ਅੰਗ - ੯੫੬

ਬਗਲਾ ਬਿਰਤੀ ਵਾਲੇ, ਕਾਮ ਬਿਰਤੀ ਵਾਲੇ ਖਾਲੀ ਰਹਿ ਜਾਂਦੇ ਨੇ। ਜਿਵੇਂ ਸਰੋਵਰ ਤੇ ਹੰਸ ਆਉਂਦੇ ਨੇ ਇਸੇ ਤਰ੍ਹਾਂ ਜਿਹੜੇ ਗੁਰਸਿੱਖ ਨੇ, ਸਮਰੱਥ ਗੁਰੂ ਦੀ ਸ਼ਰਨ ਵਿਚ ਆਉਂਦੇ ਨੇ। ਜਿੰਨੇ ਆਪ ਜੀ ਆਏ ਹੋ, ਗੁਰੂ ਚਰਨਾਂ 'ਚ ਬੈਠੇ ਹੋ, ਇਹ ਐਵੇਂ ਹੀ ਨਹੀਂ ਆ ਗਏ। ਇਹ ਤਾਂ ਸਤਿਗੁਰੂ ਨੇ ਸਾਡੇ ਸਾਰਿਆਂ 'ਤੇ ਰਹਿਮਤ ਕੀਤੀ ਹੈ, ਕ੍ਰਿਪਾ ਕੀਤੀ ਹੈ। ਇਹ ਦਰਗਾਹੀ ਲੇਖ ਨੇ -

ਜਿਨ ਮਸਤਕਿ ਧੁਰਿ ਹਰਿ ਲਿਖਿਆ
ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ *ਅੰਗ - ੪੫੦*

ਦਰਗਾਹੀ ਲੇਖ। ਕਹਿੰਦੇ, ਗੁਰਸਿੱਖ ਹੰਸਾਂ ਦੀ ਨਿਆਈਂ ਨੇ। ਜਿਹੜੇ ਗੁਰਸਿੱਖ ਸਤਿਗੁਰੂ ਦੀ ਸ਼ਰਨ ਵਿਚ ਆਉਂਦੇ ਨੇ, ਉਹ ਸਤਿਗੁਰੂ ਦੇ ਜੋ ਅਮੋਲਕ ਬਚਨ ਨੇ ਰਤਨਾਂ ਦੀ ਨਿਆਈਂ ਉਹਨਾਂ ਨੂੰ ਗ੍ਰਹਿਣ ਕਰਦੇ ਨੇ। ਤਾਂ ਹੀ ਤਾਂ ਮਹਾਂਪੁਰਸ਼ਾਂ ਦਾ ਬਚਨ ਹੈ - ਕਹਿੰਦੇ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਚੱਲ ਕੇ ਆਉਂਦੇ ਨੇ, ਕਹਿੰਦੇ ਉਹ ਧਰਮਰਾਜ ਦੇ ਨਹੀਂ ਜਾਣਗੇ। ਕਿਉਂ? ਧਰਮਰਾਜ ਦੇ ਕੌਣ ਜਾਂਦੇ ਨੇ? ਧਰਮਰਾਜ ਦੇ ਜਾਂਦੇ ਨੇ ਪਾਪੀ ਤੇ ਪੁੰਨੀ। ਜਿਹੜੇ ਗੁਰੂ ਦੇ ਸਿੱਖ ਨੇ। ਗੁਰੂ ਦੇ ਬਚਨ ਗ੍ਰਹਿਣ ਕਰਦੇ ਨੇ। ਪਿਆਰਿਓ! ਉਹ ਜਾਂਦੇ ਨੇ -

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥

ਅੰਗ - ੫੧੭

ਉਹ ਜਨਮ-ਮਰਨ ਦੇ ਚੱਕਰ ਵਿਚ ਨਹੀਂ ਪੈਂਦੇ। ਭਾਈ ਸਾਹਿਬ ਕਹਿੰਦੇ ਇਹ ਖਜ਼ਾਨਾ ਹੋਰ ਕਿਤੋਂ ਨਹੀਂ ਮਿਲਣਾ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਨ ਕਰਦੇ ਨੇ ਪਿਆਰਿਓ! ਸਾਨੂੰ ਜਿਹੜਾ ਇਹ ਖਜ਼ਾਨਾ ਮਿਲਿਆ ਹੈ ਇਹਦੇ ਅੱਗੇ ਦੁਨੀਆਂ ਦੇ ਖਜ਼ਾਨੇ ਸਭ ਝੂਠੇ ਨੇ। ਸਾਨੂੰ ਇਕ ਸੱਚਾ ਖਜ਼ਾਨਾ ਮਿਲਿਆ ਹੈ - ***'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥'*** ਕਹਿੰਦੇ, ਇਹ ਅਸਲੀ ਖਜ਼ਾਨਾ ਹੈ। ਇਹ ਨਾਮ ਬਾਣੀ ਦਾ ਖਜ਼ਾਨਾ ਸਾਨੂੰ ਮਿਲਿਆ ਹੈ। ਗੁਰੂ ਦੇ ਬਚਨ ਅਮੋਲਕ ਰਤਨ ਹਨ। ਆਮ ਤੁਸੀਂ ਪੜ੍ਹਦੇ ਓ, ਸੁਣਦੇ ਹੋਂ ਜਾਂ ਕਹਿੰਦੇ ਹੋ। ਸਾਡੇ ਪਿਤਾ ਦੀ ਕਮਾਈ, ਸਾਡੇ ਦਾਦੇ ਦੀ ਕਮਾਈ, ਸਾਨੂੰ ਆਹ ਦਿਤੈ। ਕਿਸੇ ਨੇ ਕਿਸੇ ਨੂੰ ਕੋਠੀਆਂ ਦਿਤੀਆਂ, ਕਾਰਖਾਨੇ ਦਿਤੇ, ਜ਼ਮੀਨ ਜਾਇਦਾਦ ਦਿਤੀ। ਕਿਸੇ ਨੇ ਰਾਜ-ਭਾਗ ਦੁਨੀਆ ਦਾ ਦਿਤਾ। ਪਰ ਮੇਰੇ ਸਤਿਗੁਰੂ ਕਹਿੰਦੇ, ਪਿਆਰਿਓ! ਸਾਨੂੰ ਜੋ ਮਿਲਿਆ ਹੈ, ਉਹ ਕੀ ਮਿਲਿਆ ਹੈ? ਆਹ ਹੈ ਖਜ਼ਾਨਾ ਹੈ। ਉਸ ਵੇਲੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਭਾਈ ਗੁਰਦਾਸ ਜੀ ਨੂੰ ਵੱਡੀ ਸੇਵਾ ਬਖਸ਼ੀ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਤਕ, ਫੇਰ ਆਪ ਜੀ ਦੇ ਰਾਹੀਂ ਜੋ ਗੁਰਬਾਣੀ ਪ੍ਰਗਟ ਹੋਈ, ਉਹ ਸਾਰੀ ਬਾਣੀ, ਭਗਤਾਂ ਦੀ ਬਾਣੀ, ਅਤੇ ਇਸ ਤਰ੍ਹਾਂ ਸਾਰੀ ਬਾਣੀ ਇਕੱਤਰ ਕਰਕੇ, ਜਿਸ ਨੂੰ ਪੋਥਾ ਸਾਹਿਬ ਜਾਂ ਸ੍ਰੀ ਆਦਿ ਗ੍ਰੰਥ ਸਾਹਿਬ ਕਹਿ ਕੇ ਨਮਸਕਾਰ ਕਰ ਦਿਤੀ।

ਕਈ ਵਾਰ, ਕਈ ਵਿਦਵਾਨ ਆਪਣਾ ਐਸਾ ਵੀ ਵਿਚਾਰ ਰਖਦੇ ਨੇ ਕਿ ਜੋ ਹੋਰ ਧਾਰਮਿਕ ਗ੍ਰੰਥਾਂ ਵਿਚ ਸੱਚ ਹੈ, ਵਿਚਾਰ ਹੈ ਕਿ ਗੁਰੂ ਮਹਾਰਾਜ ਨੇ ਉਹਨਾਂ ਸਾਰੇ ਧਾਰਮਿਕ ਗ੍ਰੰਥਾਂ ਦਾ ਨਿਚੋੜ ਕੱਢ ਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿੰਦੇ, ਇਹ ਪੜ੍ਹਿਆ ਕਰੋ - ***'ਧੁਰ ਕੀ ਬਾਣੀ ਆਈ ॥'*** ਇਹ ਦਰਗਾਹ ਤੋਂ ਆਈ ਹੈ ਇਹ ਕਿਸੇ ਹੋਰ ਧਾਰਮਿਕ ਗ੍ਰੰਥ ਦੇ ਵਿਚੋਂ ਨਹੀਂ ਕਿ ਆਹ ਚੀਜ਼ ਇਥੋਂ ਲਈ ਹੈ, ਆਹ ਵੇਦਾਂ 'ਚੋਂ ਲਈ ਹੈ, ਆਹ ਕਤੇਬਾਂ 'ਚੋਂ ਲਈ ਹੈ,

ਆਹ ਕੁਰਾਨ 'ਚੋਂ ਲਈ ਹੈ। ਸੱਚ ਇਕ ਹੁੰਦੈ, ਸੱਚ ਦੋ ਨਹੀਂ ਹੁੰਦੇ। ਸਾਰੇ ਧਾਰਮਿਕ ਗ੍ਰੰਥਾਂ ਦਾ ਅਸੀਂ ਸਤਿਕਾਰ ਕਰਦੇ ਹਾਂ, ਜਿਹੜੇ ਸੰਸਾਰ ਨੂੰ ਸੱਚ ਦੇ ਮਾਰਗ ਉਤੇ ਚਲਾਉਂਦੇ ਨੇ ਪਰ ਇਹ ਬਾਣੀ, ਜੇ ਕੋਈ ਕਹੇ ਕਿ ਆਹ ਚੀਜ਼ ਇਸ ਗ੍ਰੰਥ 'ਚੋਂ ਲਈ ਹੈ, ਨਹੀਂ-ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਬਚਨ 'ਤੇ ਮੋਹਰ ਲਾਉਂਦੇ ਨੇ -

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥

ਅੰਗ - ੬੭੮

ਦਰਗਾਹੀ ਬਾਣੀ, ਆਪ ਪ੍ਰਮੇਸ਼ਰ ਵਾਹਿਗੁਰੂ ਬਾਣੀ ਰੂਪ ਵਿਚ ਪ੍ਰਗਟ ਹੋਏ ਹਨ। ਜਦੋਂ ਇਹ ਸ੍ਰੀ ਗ੍ਰੰਥ ਸਾਹਿਬ ਤਿਆਰ ਹੋ ਗਏ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਉਸ ਵੇਲੇ, ਜਦੋਂ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਸ੍ਰੀ ਦਮਦਮਾ ਸਾਹਿਬ ਨੌਵੇਂ ਪਾਤਸ਼ਾਹ ਮਹਾਰਾਜ ਦੀ ਬਾਣੀ ਦਰਜ ਕੀਤੀ ਅਤੇ ਫੇਰ ਦੱਖਣ ਵਿਚ ਸ੍ਰੀ ਹਜ਼ੂਰ ਸਾਹਿਬ ਦੀ ਧਰਤੀ 'ਤੇ ਗੁਰਿਆਈ ਦਿਤੀ, ਉਸ ਵੇਲੇ ਤੋਂ ਪਹਿਲਾਂ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਪੋਥਾ ਸਾਹਿਬ ਕਹਿ ਕੇ ਨਮਸ਼ਕਾਰ ਕਰਦੇ ਸੀ। ਗੁਰੂ ਮਹਾਰਾਜ ਜੀ ਨੇ ਸਮਾਂ ਜਿਹੜਾ ਸੀ ਉਹ ਮੱਸਿਆ ਤੋਂ ਬਾਅਦ ਇਕ ਦਿਨ ਦਾ ਰੱਖਿਆ। ਜੇ ਮੱਸਿਆ ਦਾ ਰਖਦੇ ਤਾਂ ਕਈਆਂ ਨੇ ਕਹਿਣਾ ਸੀ ਮੱਸਿਆ ਦਾ ਹੀ ਦਿਨ ਪਵਿੱਤਰ ਹੈ। ਦਿਨ ਤਾਂ ਸਾਰੇ ਹੀ ਓਸ ਮਾਲਕ ਦੇ ਨੇ ਪਿਆਰਿਓ, ਦੂਰ ਨੇੜੇ ਦੀਆਂ ਸਾਰੀਆਂ ਸੰਗਤਾਂ ਇਕੱਠੀਆਂ ਹੋਈਆਂ, ਓਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਬਾਬਾ ਬੁੱਢਾ ਜੀ ਦੇ ਸੀਸ 'ਤੇ ਅਤੇ ਆਪ ਪੰਚਮ ਪਾਤਸ਼ਾਹ ਮਹਾਰਾਜ ਚੌਰ ਕਰਦੇ ਨੇ। ਗੁਰਸਿੱਖ ਨਾਲ ਸਾਜ ਵਜਾਉਂਦੇ ਸ਼ਬਦ ਪੜ੍ਹਦੇ ਆਉਂਦੇ ਨੇ। ਕਿੱਥੇ ਪਹੁੰਚੇ? ਸ੍ਰੀ ਹਰਿਮੰਦਰ ਸਾਹਿਬ। ਜਿਸ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ। ਚਾਹੇ ਕੋਈ ਬ੍ਰਾਹਮਣ ਹੈ, ਚਾਹੇ ਕੋਈ ਖੱਤਰੀ ਹੈ, ਚਾਹੇ ਕੋਈ ਵੈਸ਼ ਹੈ, ਚਾਹੇ ਕੋਈ ਸ਼ੂਦਰ ਹੈ, ਹਰ ਇਕ ਵਾਸਤੇ ਦਰਵਾਜ਼ੇ ਖੁੱਲ੍ਹੇ ਨੇ। ਚਾਹੇ ਕੋਈ ਉੱਤਰ ਵਲੋਂ ਆਵੇ, ਚਾਹੇ ਕੋਈ ਦੱਖਣ ਵਲੋਂ ਆਵੇ, ਚਾਹੇ ਕੋਈ ਪੂਰਬ ਵਲੋਂ ਆਵੇ, ਚਾਹੇ ਪੱਛਮ ਵਲੋਂ ਆਵੇ ਸ੍ਰੀ ਹਰਿਮੰਦਰ ਸਾਹਿਬ ਦੇ ਸਭ ਵਾਸਤੇ ਦਰਵਾਜ਼ੇ ਖੁੱਲ੍ਹੇ ਨੇ -

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ ॥ *ਅੰਗ- ੫੪੪*

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਉੱਚੇ ਸਿੰਘਾਸ਼ਨ 'ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਾਏ ਤੇ ਆਪਣਾ ਆਸਣ ਅੱਜ ਥੱਲੇ ਲਾ ਲਿਆ। ਕਿੰਨਾ ਸਤਿਕਾਰ ਕਰਦੇ ਨੇ ਮੇਰੇ ਪੰਚਮ ਪਾਤਸ਼ਾਹ ਬਾਣੀ ਦਾ। ਅਸੀਂ ਜਦੋਂ ਕਈ ਵਾਰ ਪਾਠ ਕਰਦੇ ਹਾਂ, ਆਪ ਸਰ੍ਹਾਣੇ ਵੱਲ ਤੇ ਗੁਟਕਾ-ਪੋਥੀ ਪੈਂਦਾ ਵਲ ਰਖਦੇ ਹਾਂ। ਹਮੇਸ਼ਾ ਧਿਆਨ ਰੱਖਿਆ ਕਰੋ, ਜੇ ਤੁਸੀਂ ਗੁਟਕੇ ਤੋਂ, ਪੋਥੀ ਤੋਂ, ਪਾਠ ਕਰਦੇ ਹੋ, ਸਰ੍ਹਾਣੇ ਵਾਲੇ ਪਾਸੇ, ਉੱਚੇ ਪਾਸੇ ਗੁਟਕਾ ਤੇ ਪੋਥੀ ਰੱਖੋ। ਘਰ ਵਿਚ ਤੁਸੀਂ ਰਖਦੇ ਹੋ, ਸਤਿਕਾਰ ਨਾਲ ਰੱਖੋ। ਗੁਰਬਾਣੀ ਚਾਹੇ ਗੁਟਕਾ ਹੈ, ਪੋਥੀ ਹੈ, ਬਹੁਤ ਪਵਿੱਤਰਤਾ ਨਾਲ, ਸਤਿਕਾਰ ਨਾਲ, ਉੱਚੀ ਜਗ੍ਹਾ ਰੱਖੋ। ਸਾਫ, ਸੁੰਦਰ ਰੁਮਾਲੇ, ਵਸਤਰ ਵਿਚ ਹੋਣੇ ਚਾਹੀਦੇ ਨੇ। ਜਿਹੜੇ ਮਹਾਂਪੁਰਸ਼, ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ ਦਿੰਦੇ ਨੇ, ਅਸੀਂ ਧਿਆਨ ਨਾਲ ਦੇਖਿਆ, ਟਕਸਾਲ ਵਾਲੇ ਮਹਾਂਪੁਰਸ਼ ਨੇ, ਹੋਰ ਮਹਾਂਪੁਰਸ਼ ਨੇ, ਰਾੜਾ ਸਾਹਿਬ ਵੀ ਸੰਥਿਆ ਦਿਤੀ ਜਾਂਦੀ ਹੈ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜਿਸ ਵੇਲੇ ਸੰਥਿਆ ਦਿੰਦੇ, ਵਿਦਿਆਰਥੀਆਂ ਨੂੰ ਉੱਚੀ ਜਗ੍ਹਾ ਬਿਠਾਉਂਦੇ ਜਾਂ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਬੈਠਦੇ ਨੇ, ਦੂਸਰੇ ਪੋਥੀਆਂ ਲੈ ਕੇ ਬੈਠਦੇ। ਜੇ ਅਲੱਗ ਸੰਥਿਆ ਦਿੰਦੇ ਤਾਂ ਜਿਨ੍ਹਾਂ ਕੋਲ ਪੋਥੀਆਂ ਨੇ ਉਹਨਾਂ ਨੂੰ ਉੱਚੀ ਜਗ੍ਹਾ, ਆਪ ਉਹਨਾਂ ਤੋਂ ਨੀਵੇਂ ਬੈਠਦੇ। ਇਹ ਮਰਿਆਦਾ ਹੈ ਗੁਰੂ ਘਰ ਦੀ।

ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਸੱਚੇ ਪਾਤਸ਼ਾਹ, ਬਿਰਾਜੇ ਹੋਏ ਨੇ ਤੇ ਸੰਗਤਾਂ ਆਈਆਂ ਤੇ ਸੰਗਤਾਂ ਨੇ ਬੈਠ ਕੇ ਸ਼ਬਦ ਪੜ੍ਹਨੇ ਤੇ ਬਾਣੀ ਪੜ੍ਹਨੀ ਸ਼ੁਰੂ ਕਰ ਦਿਤੀ। ਇਤਿਹਾਸ ਵਿਚ ਆਉਂਦਾ ਹੈ ਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਪਲੰਘ ਤੋਂ ਐਨੀ ਤੇਜ਼ੀ ਨਾਲ ਆਪ ਜੀ ਨੇ ਥੱਲੇ ਨੂੰ ਛਾਲ ਮਾਰੀ ਕਿ ਆਪ ਜੀ ਦੇ ਗੋਡੇ 'ਤੇ ਸੱਟ ਲਗ ਗਈ। ਕਹਿਣ ਲੱਗੇ, ਪਿਆਰਿਓ! ਤੁਸੀਂ ਥੱਲੇ ਬੈਠ ਕੇ ਬਾਣੀ ਪੜ੍ਹਨ ਲਗ ਪਏ, ਕੀਰਤਨ ਕਰਨ ਲਗ ਪਏ। ਐਨਾ ਸਤਿਕਾਰ ਸੱਚੇ ਪਾਤਸ਼ਾਹ ਕਰਦੇ ਸੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਦੋਂ ਇਕ ਵਾਰ ਗੁਰਸਿੱਖਾਂ ਵਿਚ ਬਚਨ ਕੀਤਾ ਕਿ ਕੋਈ ਗੁਰਸਿੱਖ ਮਨ ਚਿਤ ਇਕਾਗਰ

ਕਰਕੇ ਸਾਨੂੰ 'ਜਪੁਜੀ ਸਾਹਿਬ' ਸਰਵਣ ਕਰਾਏ।

ਉਸ ਵੇਲੇ ਇਕ ਗੁਰਸਿੱਖ, ਭਾਈ ਗੋਪਾਲਾ, ਉਹਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਇਹ ਆਪ ਹੀ ਕ੍ਰਿਪਾ ਨਿਮਾਣੇ ਤੇ ਕਰ ਸਕਦੇ ਓ, ਮੇਰੀ ਤਾਂ ਅਰਦਾਸ ਹੈ। ਜੇ ਤੁਸੀਂ ਕ੍ਰਿਪਾ ਕਰੋ ਤਾਂ ਦਾਸ ਇਹ ਸੇਵਾ ਨਿਬਾਹ ਸਕਦੈ।

ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸੱਚੇ ਪਾਤਸ਼ਾਹ ਜੀ ਨੇ ਗੁਰਸਿੱਖ ਦਾ ਆਸਣ ਇਕ ਗਿੱਠ ਉੱਚਾ ਲਵਾਇਆ। ਆਪ ਇਕ ਗਿੱਠ ਨੀਵੇਂ ਆਸਣ 'ਤੇ ਬੈਠੇ। ਇਥੇ ਹੀ ਬਸ ਨਹੀਂ, ਜਦੋਂ ਗੁਰਸਿੱਖ ਮਨ, ਚਿਤ, ਇਕਾਗਰ ਕਰਕੇ ਗੁਰਬਾਣੀ ਸਰਵਣ ਕਰਾ ਰਿਹੈ ਤੇ ਮੇਰੇ ਸੱਚੇ ਪਾਤਸ਼ਾਹ ਹੁਣ ਵਿਚਾਰ ਕਰਦੇ ਨੇ ਕਿ ਇਹਨੂੰ ਕੀ ਦੇਈਏ। ਆਪ ਤਾਂ ਉਸ ਨੂੰ ਸਭ ਕੁਝ ਦੇਣ ਵਾਸਤੇ ਤਿਆਰ ਹੋ ਗਏ। ਥੱਲੇ ਉਤਰਨ ਲੱਗੇ ਕਿ ਸਾਡੇ ਕੋਲ ਤਾਂ ਗੁਰਿਆਈ ਹੈ। ਐਨੇ ਨੂੰ ਗੁਰਸਿੱਖ ਦੇ ਮਨ ਵਿਚ ਫੁਰਨਾ ਆ ਗਿਆ ਕਿ ਜੇ ਮਹਾਰਾਜ ਮੈਨੂੰ ਕੁਵੈਤ ਘੋੜਾ, ਕਾਠੀ ਸਮੇਤ ਦੇ ਦੇਣ। ਮਹਾਰਾਜ ਜੀ ਉਠਦੇ-ਉਠਦੇ ਫੇਰ ਆਸਣ 'ਤੇ ਬਿਰਾਜਮਾਨ ਹੋ ਗਏ। ਕਹਿਣ ਲੱਗੇ, ਗੁਰਸਿੱਖਾ! ਅਸੀਂ ਤਾਂ ਤੈਨੂੰ ਸਭ ਕੁਝ ਦੇ ਰਹੇ ਸੀ ਪਰ ਤੇਰੇ ਅੰਦਰ ਆਹ ਫੁਰਨਾ ਆ ਗਿਆ। ਲੈ ਜੋ ਮੰਗਿਆ ਤੈਨੂੰ ਦੇ ਦਿੰਦੇ ਹਾਂ। ਭਾਵ ਇਕ ਗਿੱਠ ਆਸਣ ਗੁਰਸਿੱਖ ਦਾ ਉੱਚਾ ਕਿਉਂ ਰੱਖਿਆ? ਕਿਉਂਕਿ ਇਸ ਗੁਰਸਿੱਖ ਨੇ 'ਜਪੁਜੀ ਸਾਹਿਬ' ਪੜ੍ਹਨਾ ਹੈ। ਆਹ ਹੁਣ ਸਟੇਜ ਲਗਦੀ ਹੈ, ਜਿਥੇ ਵੀ ਦੀਵਾਨ ਹੁੰਦਾ ਹੈ ਸਮਾਗਮ ਹੁੰਦੇ ਨੇ, ਸਟੇਜ ਦਾ ਮਤਲਬ ਕੀ ਹੈ। ਕਈ ਵਾਰ ਤਾਂ ਅਸੀਂ ਸੋਚਦੇ ਹਾਂ ਕਿ ਇਹ ਤਾਂ ਖਾਸ ਨੇ ਤਾਂ ਉੱਚੀ ਜਗ੍ਹਾ ਬਿਠਾਉਂਦੇ ਨੇ। ਨਹੀਂ, ਇਹ ਸਤਿਕਾਰ ਗੁਰਬਾਣੀ ਦਾ ਹੈ ਕਿ ਉੱਚੀ ਸਟੇਜ 'ਤੇ ਬੈਠ ਕੇ ਗੁਰਬਾਣੀ ਪੜ੍ਹੀ ਜਾਣੀ ਹੈ। ਇਥੇ ਗੁਰਮਤਿ ਦੀ ਗੱਲ, ਗੁਰੂ ਦੀ ਬਾਣੀ ਦੀ ਗੱਲ ਹੁੰਦੀ ਹੈ। ਸਟੇਜ ਦਾ ਮਤਲਬ ਗੁਰਬਾਣੀ ਦਾ ਸਤਿਕਾਰ ਹੈ, ਸਰੀਰ ਦਾ ਸਤਿਕਾਰ ਨਹੀਂ।

ਜੇ ਦੇਖਿਆ ਜਾਵੇ ਤਾਂ ਸਾਧਸੰਗਤ ਜੀ! ਤੁਹਾਡਾ ਧਿਆਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਹੁੰਦੈ ਤੇ ਸਾਡਾ ਧਿਆਨ ਤੁਹਾਡੇ ਜੋੜਿਆਂ 'ਚ ਹੁੰਦੈ। ਤੁਸੀਂ ਵੱਡੇ ਹੋਂ ਛੋਟੇ ਨਹੀਂ।

ਧਿਆਨ ਦਿਓ, ਮੇਰੇ ਪੰਚਮ ਪਾਤਸ਼ਾਹ ਨੇ ਆਸਣ ਥੱਲੇ ਲਾਇਆ ਹੋਇਐ ਤੇ ਜਿਸ ਵੇਲੇ ਅਰਦਾਸਾ ਹੋਇਆ, ਹੁਕਮਨਾਮਾ ਲਿਆ ਬਾਬਾ ਬੁੱਢਾ ਜੀ ਨੇ -

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥ ਅੰਗ - ੭੮੩

ਹੁਣ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਚੋਣ ਦੇਖੋ ਕਿ ਗੁਰੂ ਘਰ ਦੇ ਗ੍ਰੰਥੀ ਸਾਹਿਬਾਨ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਨੇ। ਬਾਬਾ ਬੁੱਢਾ ਜੀ ਬ੍ਰਹਮ ਗਿਆਨੀ, ਸੇਵਾ ਸਿਮਰਨ ਦੀ ਮੂਰਤੀ, ਨਿਮਰਤਾ ਦੀ ਮੂਰਤੀ। ਐਨੀ ਲੰਮੀ ਉਮਰ ਬਾਬਾ ਬੁੱਢਾ ਜੀ ਦੀ ਜਿਨ੍ਹਾਂ ਨੇ ਸਾਰਾ ਜੀਵਨ ਹੀ ਗੁਰੂ ਲੇਖੇ ਲਾਇਆ।

ਅੱਜ ਜਿਥੇ ਅਸੀਂ ਜਗ੍ਹਾ-ਜਗ੍ਹਾ ਗੁਰਦੁਆਰਾ ਸਾਹਿਬ ਬਣਾ ਰਹੇ ਹਾਂ, ਉਥੇ ਇਹ ਵੀ ਜ਼ਿੰਮੇਦਾਰੀ ਹੈ, ਸਾਡੀ ਡਿਊਟੀ ਬਣਦੀ ਹੈ ਕਿ ਗੁਰੂ ਘਰ ਦੇ ਜਿਹੜੇ ਗ੍ਰੰਥੀ ਸਾਹਿਬਾਨ ਹੋਣ, ਉਹ ਐਸੇ ਜੀਵਨ ਵਾਲੇ ਹੋਣ ਜੋ ਕਿ ਦੂਜਿਆਂ ਨੂੰ ਵੀ ਸ਼ਬਦ ਗੁਰੂ ਨਾਲ ਜੋੜਨ। ਪਰ ਹੁੰਦਾ ਕੀ ਹੈ ਆਮ ਇਹ ਦੇਖਿਆ ਜਾਂਦਾ ਹੈ ਕਿ ਸਭ ਤੋਂ ਘੱਟ ਮਾਇਆ ਲਵੇ ਤੇ ਬਸ ਕੰਮ ਕਰੇ। ਇਹਨੂੰ ਹੋਰ ਕੀ ਚਾਹੀਦਾ ਹੈ। ਇਹਨੂੰ ਪ੍ਰਸ਼ਾਦੇ ਤਾਂ ਪਿੰਡ 'ਚੋਂ ਆ ਜਾਂਦੇ ਨੇ। ਇਸੇ ਕਰਕੇ ਸਾਨੂੰ ਚੰਗੇ ਗੁਰਸਿੱਖ ਨਹੀਂ ਮਿਲ ਰਹੇ।

ਯੂ.ਪੀ ਸਿਤਾਰਗੰਜ ਦੇ ਦੀਵਾਨਾਂ 'ਚ ਮੈਨੂੰ ਕਹਿਣ ਲੱਗੇ ਕਿ ਸਾਡੀ ਬੇਨਤੀ ਹੈ।

ਮੈਂ ਕਿਹਾ, ਦੱਸੋ।

ਕਹਿਣ ਲੱਗੇ, ਗ੍ਰੰਥੀ ਸਿੰਘ ਲਾਲਚ ਬੜਾ ਕਰ ਰਹੇ ਨੇ। ਇਨ੍ਹਾਂ ਬਾਰੇ ਜ਼ਰੂਰ ਕਹਿਣਾ। ਮੈਂ ਕਿਹਾ ਬਈ ਜ਼ਰੂਰ ਕਹਿ ਦਿਆਂਗੇ। ਤੁਸੀਂ ਹੁਕਮ ਕੀਤਾ ਹੈ।

ਮੈਂ ਕਿਹਾ, ਮੈਨੂੰ ਕਮੇਟੀ ਵਾਲਿਆਂ ਨੇ ਹੁਕਮ ਕੀਤਾ ਹੈ ਕਿ ਆਹ ਗੱਲ ਜ਼ਰੂਰ ਕਰਨੀ ਹੈ ਤੇ ਮੈਂ ਹੁਕਮ ਮੰਨ ਕੇ ਕਰ ਰਿਹਾ ਹਾਂ ਸੰਗਤ ਵਿਚ।

ਇਹ ਕਹਿੰਦੇ ਕਿ ਗ੍ਰੰਥੀ ਸਿੰਘ ਰਾਤ ਨੂੰ ਜਾ ਕੇ ਦੂਜੇ ਪਿੰਡਾਂ ਵਿਚ ਡਿਊਟੀਆਂ ਲਾਉਂਦੇ ਨੇ। ਬੜਾ ਲਾਲਚ ਕਰਦੇ ਨੇ। ਜਿਨ੍ਹਾਂ ਨੇ ਕਿਹਾ ਹੈ ਮੈਂ ਉਹਨਾਂ ਨੂੰ ਬੇਨਤੀ ਕਰਦਾ ਹਾਂ ਕਿ ਤੁਹਾਡੀ ਪੰਜਾਹ-ਪੰਜਾਹ,

ਸੌ-ਸੌ ਕਿੱਲੇ ਜ਼ਮੀਨ ਹੈ, ਤੁਸੀਂ ਜੰਗਲ ਵਿਚ ਜਾ ਕੇ ਠੇਕੇ 'ਤੇ ਪੰਜ ਸੌ-ਪੰਜ ਸੌ ਕਿੱਲਾ ਵਾਹਿਆ ਹੈ, ਉਹ ਕਿਉਂ ਵਾਹੇ ਨੇ ਤੁਸੀਂ? ਤੁਹਾਡੇ ਕੋਲ ਗੱਡੀਆਂ, ਕਾਰਾਂ, ਕੋਠੀਆਂ ਨੇ, ਤੁਹਾਨੂੰ ਫੇਰ ਲਾਲਚ ਨਹੀਂ ਛੱਡਦਾ। ਜਿਹਨੇ ਆਪਣਾ ਬਾਲ-ਬੱਚਾ ਪਾਲਣਾ ਹੈ, ਉਹਨੂੰ ਤੁਸੀਂ ਕਹਿੰਦੇ ਓ ਕਿ ਲਾਲਚੀ ਹੈ। ਉਹਨੂੰ ਐਨੀ ਮਾਇਆ ਦਿਓ ਕਿ ਉਹਨੂੰ ਦੂਸਰੇ ਪਿੰਡ ਜਾ-ਜਾ ਕੇ, ਡਿਊਟੀਆਂ ਨਾ ਲਾਉਣੀਆਂ ਪੈਣ। ਉਹਨਾਂ ਗੁਰਸਿੱਖਾਂ ਦਾ ਸਤਿਕਾਰ ਕਰੋ ਜਿਹੜੇ ਸ਼ੁੱਧ ਬਾਣੀ ਪੜ੍ਹਦੇ ਨੇ। ਜਿਨ੍ਹਾਂ ਦਾ ਜੀਵਨ ਹੈ, ਉਹ ਤੁਹਾਡੇ ਬੱਚਿਆਂ ਨੂੰ ਬਾਣੀ ਪੜ੍ਹਾਉਣ, ਇਤਿਹਾਸ ਦੱਸਣ। ਐਨਾ ਕੁ ਹੁੰਦੈ ਕਿ ਸਾਲ ਬਾਅਦ ਇਸ ਪਿੰਡ ਨੇ ਸਮਾਗਮ ਕਰਾ ਲਿਆ, ਸਾਲ ਬਾਅਦ ਦੂਜੇ ਪਿੰਡ ਨੇ, ਬਸ ਫੇਰ ਛੁੱਟੀਆਂ। ਨਹੀਂ-ਨਹੀਂ। ਮਹਾਂਪੁਰਸ਼ਾਂ ਦਾ ਬਚਨ ਹੈ ਇਹ ਕਲਜੁਗ ਦਾ ਸਮਾਂ ਹੈ ਇਹ ਧਾਨਾਂ ਦੀ ਖੇਤੀ ਹੈ। ਜਿਵੇਂ ਧਾਨ ਨੂੰ ਹਰ ਸਮੇਂ ਪਾਣੀ ਚਾਹੀਦੈ। ਇਸੇ ਤਰ੍ਹਾਂ ਹਰ ਵੇਲੇ ਸਤਿਸੰਗ ਦੀ ਲੋੜ ਹੈ। ਜੇ ਗੁਰਦੁਆਰਾ ਸਾਹਿਬ ਕਥਾ ਹੋਵੇ, ਸ਼ਾਮ ਨੂੰ ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ ਦੀ ਕਥਾ ਹੋਵੇ। ਜੇ ਗੁਰਸਿੱਖ ਜੀਵਨ ਵਾਲਾ ਹੋਵੇਗਾ ਤਾਂ ਉਹ ਸ਼ਰਾਬੀਆਂ ਨੂੰ ਵੀ ਪਿਆਰ ਨਾਲ ਸਮਝਾਏਗਾ, ਬੱਚਿਆਂ ਨੂੰ ਵੀ ਸਮਝਾਏਗਾ, ਮਾਤਾਵਾਂ-ਬੀਬੀਆਂ ਨੂੰ ਬੇਨਤੀ ਕਰੇਗਾ, ਆਪ ਸੇਵਾ-ਸਿਮਰਨ ਕਰੇਗਾ। ਬਾਣੀ ਪੜ੍ਹੇਗਾ, ਸੁਣੇਗਾ, ਕਿਉਂ ਨਾ ਪ੍ਰਚਾਰ ਹੋਏਗਾ? ਜਿਹੜੇ ਨਗਰ ਵਿਚ ਐਸੇ ਗੁਰਸਿੱਖ ਨੇ ਪਿਆਰਿਓ, ਉਹਨਾਂ ਨੇ ਕਿੰਨਿਆਂ-ਕਿੰਨਿਆਂ ਨੂੰ ਬਾਣੀ ਸਰਵਣ ਕਰਾ ਦਿਤੀ। ਇਕ ਗੁਰਸਿੱਖ ਨੇ ਹੀ ਕਈਆਂ ਨੂੰ ਬਾਣੀ ਸਿਖਾ ਦਿਤੀ, ਕਈਆਂ ਦੇ ਨਸ਼ੇ ਛੁਡਾ ਦਿਤੇ, ਕਈਆਂ ਨੂੰ ਅੰਮ੍ਰਿਤ ਛਕਾ ਦਿਤਾ। ਸਾਨੂੰ ਐਸੇ ਗ੍ਰੰਥੀ ਸਿੰਘਾਂ ਦੀ ਲੋੜ ਹੈ। ਹੁੰਦਾ ਕੀ ਹੈ? ਗੁਰਦੁਆਰਾ ਸਾਹਿਬ ਤਾਂ ਬਣਦੇ ਨੇ ਬਹੁਤ। ਇਸ ਪਾਸੇ ਅਸੀਂ ਘੱਟ ਖਿਆਲ ਦੇ ਰਹੇ ਹਾਂ।

ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ ਨੇ ਆਪਣੀ ਲਿਖਤ ਵਿਚ ਇਹ ਜਿਹੜੀ ਵਿਚਾਰ ਹੈ, ਜੋ ਦਾਸ ਨੇ ਕੀਤੀ ਹੈ, ਉਹ ਰੱਖੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਦੀ ਡਿਊਟੀ ਲਾਈ। ਜਿਥੇ ਕੋਠਾ ਸਾਹਿਬ ਹੈ, ਉਥੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਤ ਨੂੰ ਬਿਰਾਜਮਾਨ ਹੁੰਦੇ ਨੇ। ਜਿੰਨੇ ਤੁਸੀਂ ਉਥੇ ਦਰਸ਼ਨ ਕਰਨ ਜਾਂਦੇ ਹੋਂ। ਕੋਠਾ ਸਾਹਿਬ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਦੇ ਨੇ, ਉਹਦੇ ਥੱਲੇ ਇਕ ਆਸਣ, ਚਾਦਰ ਵਿਛਦੀ ਹੈ। ਉਹ ਕੀ ਸੀ, ਪੰਚਮ ਪਾਤਸ਼ਾਹ ਉਥੇ ਹੀ ਆਪਣਾ ਆਸਣ ਥੱਲੇ ਲਾਉਂਦੇ ਸੀ। ਅੱਜ ਜਿਹੜੀ ਉਹ ਚਿੱਟੀ ਚਾਦਰ ਵਿਛੀ ਹੁੰਦੀ ਹੈ, ਉਹਦਾ ਮਤਲਬ ਇਹ ਹੈ ਕਿ ਸਤਿਗੁਰੂ ਹੁੰਦੇ ਹੋਏ ਵੀ ਪੰਚਮ ਪਾਤਸ਼ਾਹ ਬਾਣੀ ਦਾ ਕਿੰਨਾ ਸਤਿਕਾਰ ਕਰਦੇ ਸੀ।

ਇਹ ਪੰਚਮ ਪਾਤਸ਼ਾਹ ਨੇ ਪਰਉਪਕਾਰ ਸਾਡੇ ਉਤੇ ਕੀਤੇ ਨੇ ਕਿ ਅੱਜ ਦੇ ਦਿਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਹੋਏ। ਸਾਰੀ ਗੁਰਬਾਣੀ ਇਕੱਤਰ ਕੀਤੀ ਤਾਂ ਕਿ ਜਿਹੜੇ ਆਉਣ ਵਾਲੇ ਗੁਰਸਿੱਖ ਹਨ, ਉਹ ਸੱਚੀ ਬਾਣੀ ਨੂੰ ਪੜ੍ਹਨ-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ॥ *ਅੰਗ - ੯੨੦*

ਸੱਚੀ ਬਾਣੀ ਗਾਵੋ, ਕੱਚੀ ਨਾ ਗਾਵੋ। ਸਤਿਗੁਰੂ ਦੀ ਬਾਣੀ ਪੜ੍ਹੋ ਤੇ ਸੁਣੋ। ਸੋ ਪੰਚਮ ਪਾਤਸ਼ਾਹ ਮਹਾਰਾਜ ਨੇ ਇਹ ਸਾਡੇ ਉਪਰ ਪਰਉਪਕਾਰ ਕੀਤੇ। ਅੱਜ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਸ਼ਾਹ ਦੀ ਸ਼ਰਨ ਵਿਚ ਆ ਕੇ ਆਪਣਾ ਜੀਵਨ ਸਫਲ ਕਰ ਰਹੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਹੀ ਸਲਾਮਤ ਰੱਖਣ ਵਾਸਤੇ ਹੀ ਪੰਚਮ ਪਾਤਸ਼ਾਹ ਨੇ ਸ਼ਹਾਦਤ ਦਿਤੀ ਸੀ। ਇਸ ਕਰਕੇ ਅੱਜ ਦਾ ਉਹ ਪਵਿੱਤਰ ਦਿਹਾੜਾ ਹੈ ਜਿਸ ਦਿਨ ਪਹਿਲੇ ਪ੍ਰਕਾਸ਼ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਏ। ਦੂਸਰਾ ਸੰਪੂਰਨ ਦਿਵਸ ਦਮਦਮਾ ਸਾਹਿਬ, ਤੀਸਰਾ ਗੁਰਗੱਦੀ ਦਿਵਸ। ਆਮ ਵਿਦਵਾਨਾਂ ਦੀ ਇਕ ਵਿਚਾਰ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਗੁਰਗੱਦੀ ਪੁਰਬ ਸੰਪੂਰਨ ਦਿਵਸ ਸੰਗਤਾਂ ਸਦਾ ਹੀ ਮਨਾਉਣਗੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹ ਦਿਹਾੜਾ ਨਹੀਂ ਆ ਸਕਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਜੋਤੀ ਜੋਤ ਸਮਾਅ ਗਏ। ਨਹੀਂ-ਨਹੀਂ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗੋ-ਜੁਗ ਅਟੱਲ ਨੇ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥



ਬਾਰੰ ਬਾਰ ਬਾਰ ਪ੍ਰਭੁ ਜਪੀਐ ॥

ਸੰਤ ਬਾਬਾ ਹਰਪਾਲ ਸਿੰਘ ਜੀ
ਐਡੀਟਰ-ਇਨ-ਚੀਫ

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥ ੧ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥
ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ ॥ ੨ ॥
ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ ॥ ੩ ॥
ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿ ਦੁਆਰਾ ॥ ੪ ॥
ਪੂਜਾ ਅਰਚਾ ਬੰਦਨ ਡੰਡਉਤ ਖਟੁ
ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ ॥ ੫ ॥
ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ ॥ ੬ ॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ੭ ॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ ॥
ਤੇਰੋ ਸੇਵਕੁ ਇਹ ਰੰਗਿ ਮਾਤਾ ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥
ਅੰਗ - ੬੪੨
ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਕ੍ਰਿਪਾ ਹੋਈ ਹੈ ਗੁਰਦੁਆਰਾ ਸਨਹੋਜ਼ੇ ਵਿਚ ਸਤਿਸੰਗ ਦਾ ਸੁਭਾਗ ਪ੍ਰਾਪਤ ਹੋਇਆ ਹੈ। 'ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥' ਸਾਰਿਆਂ ਤੋਂ ਸ੍ਰੇਸ਼ਟ ਇਹ ਕੰਮ ਹੈ। ਜਿਹੜੇ ਕੰਮ ਅਸੀਂ ਕਰ ਰਹੇ ਹਾਂ -

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨

ਕੇਵਲ ਤੇ ਕੇਵਲ ਨਾਮ ਨਾਲ ਜੁੜਨਾ, ਉਹਨੂੰ ਸਤਿਸੰਗ ਕਿਹਾ ਹੈ। ਸਤਿਗੁਰੂ ਜੀ ਨੇ ਹਦਾਇਤਾਂ ਕੀਤੀਆਂ ਹਨ -

ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਅੰਗ - ੪

ਜਦੋਂ ਤਕ ਅਸੀਂ ਕਾਇਕ ਕਰਮ, ਪਵਿੱਤਰਤਾ ਧਾਰਨ ਨਹੀਂ ਕਰਦੇ, ਉਸ ਸਮੇਂ ਤਕ ਇਹ ਕਰਮ ਵੀ ਨਹੀਂ ਹੁੰਦੇ। ਭਗਤੀ ਮਾਰਗ 'ਤੇ ਨਹੀਂ ਚੱਲ ਸਕਦੇ। ਜਦੋਂ ਕਿ ਅੱਜ ਸਾਰਾ ਸੰਸਾਰ ਰੋਗੀ ਹੈ - ਜਿਹੜੀ 'ਸੰਸਾਰੁ ਰੋਗੀ ' ਦਵਾਈ ਕਿਹੜੀ ਹੈ ਫੇਰ? ਸੱਚੇ ਪਾਤਸ਼ਾਹ ਜੀ ਨੇ ਦਵਾਈ ਦੱਸੀ ਹੈ ਜੋ ਸਾਰਿਆਂ ਦੇ ਅੰਦਰ ਰੱਖੀ ਹੈ। ***ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ (ਅੰਗ-੯੮੭)***

ਹੁਣ ਉਹ ਜਿਹੜੀ ਮੈਲ ਲਗ ਗਈ ਕਿਉਂਕਿ ਨਾਮ ਦੇ ਨਾਲ ਜੁੜੇ ਨਹੀਂ -

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ- ੪

ਇਹ ਨਾਮ ਦਾ ਰੰਗ, ਸਾਧ ਦਾ ਸੰਗ, ਸਤਿਗੁਰਾਂ ਦੇ ਪਾਵਨ ਦਰਬਾਰ ਦੇ ਵਿਚ ਸਾਨੂੰ ਮਿਲਦਾ ਹੈ। ਤੁਸੀਂ ਆਪਣੇ ਕੰਮਾਂ-ਕਾਰਾਂ ਨੂੰ ਸੰਕੋਚਦੇ ਹੋਏ, ਅੱਜ ਸੰਧਿਆ ਵੇਲੇ ਸਤਿਗੁਰਾਂ ਦੇ ਪਾਵਨ ਦਰਬਾਰ ਦੇ ਵਿਚ ਪਹੁੰਚੇ ਹੋਂ -

ਵਡਭਾਗੀ ਸਾਧਸੰਗੁ ਪਰਾਪਤਿ
ਤਿਨ ਭੇਟਤ ਦੁਰਮਤਿ ਖੋਈ ॥
ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ
ਜਿਨ ਹਰਿ ਨਾਮੁ ਰਿਦੈ ਪਰੋਈ ॥ *ਅੰਗ- ੬੧੮*

ਇਕ ਤਾਂ ਧੂੜ ਸੰਗਤਾਂ ਦੀ ਮਿਲਦੀ ਹੈ, ਦੂਜਾ ਮੁਖ ਧੂੜ ਗੁਰਬਾਣੀ ਸੁਣਨਾ ਇਹਦੇ ਵਿਚ ਇਸ਼ਨਾਨ ਕਰਨਾ ਕਿਉਂਕਿ ਸਾਰਾ ਕੰਮ ਮਨ ਦਾ ਹੈ। ਪਹਿਲਾਂ ਮਨ ਮੰਨ ਲੈਂਦਾ ਹੈ ਕਿ ਮੈਂ ਰੋਗੀ ਹਾਂ, ਫੇਰ ਤਨ ਰੋਗੀ ਹੋ ਜਾਂਦਾ ਹਾਂ। ਇਸ ਕਰਕੇ ਨਾਮ ਦੇ ਨਾਲ ਚੜ੍ਹਦੀ ਕਲਾ ਰਹਿੰਦੀ ਹੈ। ਨਾਮ ਦੇ ਨਾਲ ਇਹ ਸਾਰੇ ਡਰ ਦੂਰ ਹੋ ਜਾਂਦੇ ਨੇ –

ਨਿਰਭਉ ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ *ਅੰਗ- ੨੯੩*

ਇਸ ਵਾਸਤੇ ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਨਾਮ ਹੈ ਅਤੇ ਹੈ ਵੀ ਸਭ ਦੇ ਅੰਦਰ। ਕੋਈ ਐਸਾ ਇਨਸਾਨ ਨਹੀਂ ਜਿਸਦੇ ਅੰਦਰ ਨਾਮ ਨਾ ਹੋਵੇ। ਇਥੋਂ ਤਕ ਕਿ ਜੀਵ-ਜੰਤ, ਸਾਰੀ ਬਨਸਪਤੀ –

ਨਾਮ ਕੇ ਧਾਰੇ ਸਗਲੇ ਜੰਤ ॥ *ਅੰਗ - ੨੮੪*

ਇਹਨਾਂ ਨੇ ਧਾਰਨ ਕੀਤਾ ਹੈ।

ਨਾਮ ਕੇ ਧਾਰੇ ਖੰਡ ਬ੍ਰਹਮੰਡ ॥ *ਅੰਗ- ੨੮੪*

ਪਰ ਉਹਨਾਂ ਨੂੰ ਅਧਿਕਾਰ ਨਹੀਂ ਕਿ ਉਹ ਨਾਮ ਨੂੰ ਪ੍ਰਗਟ ਕਰ ਲੈਣ। ਉਹਦੇ ਅੰਦਰ ਸਥਿਤ ਹੋ ਜਾਣ। ਇਹ ਤਾਂ ਗੁਰੂ ਤੋਂ ਮੰਤਰ ਲੈ ਕੇ, ਉਸ ਮੰਤਰ ਦੀ ਕਮਾਈ ਕਰੇ। ਕਮਾਈ ਵਾਲੇ ਪੁਰਸ਼ ਦਸ ਦਿੰਦੇ ਨੇ ਕਿ ਇਸ ਤਰ੍ਹਾਂ ਨਾਲ ਕਰਨੀ ਹੈ। ਪਤਾ ਲਗ ਜਾਂਦਾ ਹੈ ਗੁਰਮੰਤ੍ਰ ਲੈ ਕੇ। ਕਿਉਂਕਿ 'ਨਾਮ' ਨਹੀਂ ਕੋਈ ਦਿੰਦਾ। ਮੂਲਮੰਤ੍ਰ, ਗੁਰਮੰਤ੍ਰ ਦਿੰਦੇ ਨੇ। ਗੁਰਮਤਿ ਵਿਚ ਪੰਜ ਪਿਆਰੇ ਦ੍ਰਿੜ੍ਹ ਕਰਵਾਉਂਦੇ ਹਨ। ਅੰਮ੍ਰਿਤ ਛਕਾਉਂਦੇ ਹਨ। ਜਿਹੜਾ ਇਹ ਨਹੀਂ ਕਰਦਾ, ਉਹਨੂੰ ਤਾਂ ਧਿਰਕਾਰ ਪਾਇਆ ਹੈ ਗੁਰੂ ਮਹਾਰਾਜ ਨੇ। ਜੇ ਸੌ ਵਾਰੀ ਫਿੱਟੇ ਮੂੰਹ ਕਹੀਏ, ਇਕ ਵਾਰੀ ਧਿਰਕਾਰ ਕਹਿ ਦਿਓ, ਬਰਾਬਰ ਹੈ –

ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ
ਕਾਕਹ ਸਰਪਨਹ ਤੁਲਿ ਖਲਹ ॥ *ਅੰਗ - ੧੩੫੬*

ਕਿਹੋ ਜਿਹੀ ਤੁਲਨਾ ਕੀਤੀ ਹੈ? ਕਾਵਾਂ, ਕੁੱਤਿਆਂ, ਗਧਿਆ ਦੇ ਬਰਾਬਰ ਇਸ ਨੂੰ ਦਸਿਆ ਹੈ। 'ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ' ਮੰਤ੍ਰ ਕਿਹੜਾ ਹੈ? ਪਹਿਲਾਂ ਮੰਤ੍ਰ ਗੋਪਨੀਯ ਹੁੰਦੇ ਪਰ ਗੁਰੂ ਬਾਬਾ ਜੀ ਨੇ ਬਹੁਤ ਸੌਖਾ ਕਰ ਦਿਤਾ। ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ –

ਕਲਿਜੁਗ ਨਾਨਕ ਨਾਮ ਸੁਖਾਲਾ।

ਮੰਤ੍ਰ ਵੀ ਛੋਟਾ ਲਿਆਂਦਾ। ਉਮਰਾਂ ਛੋਟੀਆਂ ਰਹਿ ਗਈਆਂ। ਸਾਡੇ ਦਿਲ ਦਿਮਾਗ ਤਾਕਤਵਾਰ ਨਹੀਂ। ਚਾਰ ਅੱਖਰ ਮੰਤਰ, ਜਿਹੜਾ ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੈ। ਬਾਕੀ ਠੀਕ ਹੈ ਆਪਾਂ ਕਰਮ ਕਰਦੇ ਹਾਂ – '***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥***' ਹਾਰ ਕੇ ਇਸ ਦੁਆਰੇ 'ਤੇ ਆਏ ਹਾਂ। ਕਿਉਂਕਿ ਬਾਕੀ ਕਰਮ ਆਪਾਂ ਜਿੰਨੇ ਕਰਦੇ ਹਾਂ ਉਹ ਐਨੇ ਫਲਦਾਇਕ ਨਹੀਂ ਜਿੰਨਾਂ ਇਸ ਦਰ 'ਤੇ ਆ ਕੇ ਨਾਮ ਨਾਲ ਜੁੜਨਾ ਹੁੰਦਾ ਹੈ ਕਿਉਂਕਿ ਇਥੇ ਐਸਾ ਪਵਿੱਤਰ ਵਾਤਾਵਰਣ ਹੈ। ਗੁਰੂ ਦੇ ਦੁਆਰੇ 'ਤੇ ਜਾ ਕੇ ਹੀ ਸੋਝੀ ਮਿਲਦੀ ਹੈ। ਬਖਸ਼ਿਸ਼ ਹੁੰਦੀ ਹੈ। ਆਮ ਇਹ ਬਖਸ਼ਿਸ਼ ਨਹੀਂ ਹੋ ਸਕਦੀ। ਇਹ ਤਾਂ ਚੰਗੇ ਕਰਮ, ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਹੋਣ ਤਾਂ ਇਹ ਜਾ ਕੇ ਪ੍ਰਾਪਤ ਹੁੰਦੀ ਹੈ। ਕਿੰਨੇ ਹੀ ਕੰਮ ਕਰ ਲਏ – 'ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥' ਹਾਰ ਕੇ ਇਸ ਦਰ 'ਤੇ ਆਏ ਹਾਂ। ਇਥੇ ਆ ਕੇ ਕੀ ਮਿਲਦਾ ਹੈ? ਇਥੇ –

ਸਤਿਗੁਰ ਆਇਓ ਸਰਣਿ ਤੁਹਾਰੀ ॥
ਮਿਲੈ ਸੁਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ ੧ ॥ ਰਹਾਉ ॥
ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥
ਲੇਖਾ ਛੋਡਿ ਅਲੇਖੈ ਛੂਟਹ
ਹਮ ਨਿਰਗੁਨ ਲੇਹੁ ਉਬਾਰੀ ॥ ੧ ॥
ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥
ਨਾਨਕ ਦਾਸ ਸੰਤ ਪਾਛੈ ਪਰਿਓ
ਰਾਖਿ ਲੇਹੁ ਇਹ ਬਾਰੀ ॥ *ਅੰਗ - ੭੧੩*

ਨਾਲੇ ਸੁਖ ਮਿਲਦਾ ਹੈ, ਨਾਲੇ –

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅੰਗ- ੧੩੯

ਤੇ ਚਿੰਤਾ ਵੀ ਉਤਰਦੀ ਕਿਵੇਂ ਹੈ। ਅੱਜ ਦੇਖੋ

ਸੰਸਾਰ ਦੀ ਹਾਲਤ, ਸੰਸਾਰ ਰੋਗੀ ਹੈ ਔਰ ਨਾਮ ਦਾਰੂ ਹੈ।

ਚਿੰਤਤ ਹੀ ਦੀਸੈ ਸਭੁ ਕੋਇ ॥
ਚੇਤਹਿ ਏਕੁ ਤਹੀ ਸੁਖੁ ਹੋਇ ॥ ਅੰਗ - ੯੩੨

ਸੁਖ ਤਾਂ ਨਾਮ ਵਿਚ ਹੈ। ਚਿੰਤਾ ਕਰਨ ਨਾਲ ਬਿਮਾਰੀਆਂ ਲਗਦੀਆਂ ਨੇ। stress, depression, blood pressure ਇਹ ਸਭ ਚਿੰਤਾ ਦੀਆਂ ਨਿਸ਼ਾਨੀਆਂ ਨੇ। ਇਹਨੂੰ ਛੱਡ ਕੇ ਚਿੰਤਾ ਛੱਡ ਅਚਿੰਤ ਰਹੋ -

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੋਇ ॥
ਅੰਗ - ੯੫੫

ਕਿਉਂ ਚਿੰਤਾ ਕਰਦੇ ਹਾਂ? ਚਿੰਤਾ ਉਹਨੂੰ ਹੈ, ਉਸ ਦਾ ਚਿੰਤਨ ਕਰੋ। ਇਹ ਚਿੰਤਾ ਕਦੋਂ ਦੂਰ ਹੁੰਦੀ ਹੈ? ਜਦੋਂ ਇਹ ਮੰਤਰ ਜਪਦੇ-ਜਪਦੇ, ਬੈਖਰੀ ਤੋਂ ਮਧਮਾ, ਮਧਮਾ ਤੋਂ ਪਸੰਤੀ, ਪਰਾ ਬਾਣੀ ਤੋਂ ਸਵਾਸ 'ਤੇ ਆ ਗਿਆ। ਫੇਰ ਸਾਰੀ ਚਿੰਤਾ ਉਤਰ ਗਈ -

ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫

ਸਵਾਸ-ਸਵਾਸ ਉਹ ਯਾਦ ਆ ਗਿਆ, ਉਸ ਦਾ ਸਿਮਰਨ ਹੋ ਗਿਆ, ਧਿਆਨ ਲਗ ਗਿਆ, ਨਾਮ ਸਥਿਤ ਹੋ ਗਏ। ਸਾਰੀਆਂ ਚਿੰਤਾਵਾਂ ਹੀ ਮਿਟ ਗਈਆਂ।

ਚਾਹ ਮਿਟੀ ਚਿੰਤਾ ਗਈ ਮਨੂਆ ਬੇਪਰਵਾਹ।
ਜਿਸ ਕੋ ਕਛੂ ਨ ਚਾਹੀਐ ਸੋਈ ਸ਼ਹਿਨਸ਼ਾਹ।

ਅੱਜ ਦੇਖੋ -

ਕੋਈ ਤਨ ਦੁਖੀ ਕੋਈ ਮਨ ਦੁਖੀ,
ਕੋਈ ਚਿੰਤਾ ਚਿਤ ਉਦਾਸ, ਥੋੜ੍ਹੇ ਬਹੁਤੇ ਸਭ ਦੁਖੀ,
ਸੁਖੀ ਹਰਿ ਕੇ ਦਾਸ।
ਨਾਨਕ ਦੁਖੀਆ ਸਭ ਸੰਸਾਰੁ।
ਏਕ ਚਿਤ ਜਿਹ ਇਕ ਛਿਨ ਧਿਆਇਓ।
ਕਾਲ ਫਾਸ ਕੇ ਬੀਚ ਨ ਆਇਓ।

ਸਮਾਂ ਤਾਂ ਸਾਰਿਆਂ 'ਤੇ ਹੀ ਆਉਣਾ ਹੈ। ਬਾਬਾ ਸਤਨਾਮ ਸਿੰਘ ਜੀ ਦਾ ਅੰਤਿਮ ਸਮਾਂ ਕਿਵੇਂ ਆਇਆ? ਉਹਨਾਂ ਦੇ ਆਖਰੀ ਬਚਨ ਇਹੀ ਸੀ ਕਿ 'ਨਾਨਕ ਦੁਖੀਆ ਸਭ ਸੰਸਾਰ।' ਕਹਿੰਦੇ ਸੰਸਾਰ ਦੇ ਵਿਚ ਆਹ ਅਮਰੀਕਾ ਕੀ, ਕੈਨੇਡਾ ਕੀ ਜਦੋਂ ਆ ਗਈ ਪਤਾ ਨਹੀਂ ਕਦੋਂ ਚੁੱਕ ਲੈਣੇ ਉਹਨੇ। ਫੇਰ ਸਾਰੇ ਸੰਸਾਰ ਦੀ ਹੀ ਗੱਲ ਕਰੀ, ਸਾਰਾ ਸੰਸਾਰ ਹੀ ਦੁਖੀ ਹੈ। ਪਤਾ ਨਹੀਂ ਕਦੋਂ ਉਹ ਚੁੱਕ ਲਵੇ ਤੇ ਕਿੱਥੇ ਸੁੱਟ ਦੇਵੇ। ਇਹ ਆਖਰੀ ਬਚਨ ਉਹਨਾਂ ਦੇ ਆਏ। ਬਾਰ-ਬਾਰ ਇਹ ਦੁਹਰਾਉਂਦੇ ਹਨ ਕਿ -

ਬਾਰੰ ਬਾਰ ਬਾਰ ਪ੍ਰਭੁ ਜਪੀਐ॥ ਅੰਗ - ੫੦

ਜਦੋਂ repeat ਕਰਦੇ ਹਾਂ Repetition 'ਚ ਐਨਰਜੀ ਆਉਂਦੀ ਹੈ ਅਤੇ ਮੰਤਰ ਸਿੱਧ ਹੋ ਜਾਂਦਾ ਹੈ। ਸੰਗਤ ਦੇ ਵਿਚੋਂ ਇਹ ਜੁਗਤੀ ਮਿਲਦੀ ਹੈ। ਕਰਦੇ ਤਾਂ ਸਾਰੇ ਨੇ -

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥ ਅੰਗ - ੪੯੧

ਅੱਜ ਤਾਂ ਮੈਡੀਕਲ ਸਾਇੰਸ ਵੀ ਇਹ ਸਿੱਧ ਕਰ ਚੁੱਕੀ ਹੈ ਕਿ 90% ਸਰੀਰ ਨੂੰ ਜੋ ਐਨਰਜੀ ਮਿਲਦੀ ਹੈ, ਉਹ ਸਵਾਸ ਤੋਂ ਹੀ ਮਿਲਦੀ ਹੈ। 10% ਭੋਜਨ ਤੋਂ, ਫਰੂਟ, ਪਾਣੀ ਤੋਂ ਮਿਲਦੀ ਹੈ -

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥ ਅੰਗ - ੧੩੮੩

ਜੇ ਅਸੀਂ ਇਹੀ ਕਰ ਲਈਏ। ਸਵਾਸ ਦੀ ਮਦਦ ਨਾਲ ਸੁਰਤਿ ਨੂੰ ਸ਼ਬਦ ਨਾਲ ਜੋੜ ਲਿਆ। ਨਾਮ 'ਚ ਨਿਵਾਸ ਹੋ ਗਿਆ -

ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪

ਉਹ ਦਵਾਈ ਪ੍ਰਾਪਤ ਹੋ ਗਈ, ਜਿਹੜੀ ਸਭ ਦੇ ਅੰਦਰ ਪਈ ਹੈ -

ਹਰਿ ਅਉਖਧੁ ਸਭ ਘਟ ਹੈ ਭਾਈ ॥
ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਅੰਗ - ੨੫੯

ਵਿਧੀ ਨਹੀਂ ਨਾ ਪਤਾ ਲੱਗੀ, ਹੁਣ ਜਿੰਨੀਆਂ ਮਰਜ਼ੀ ਕੈਲਕੁਲੇਸ਼ਨਾਂ ਐਲਬਜ਼ਰਾ ਦੀਆਂ ਕਰੀ ਚੱਲੋ, ਫਾਰਮੁਲਾ ਨਾ ਪਤਾ ਹੋਵੇ, ਉਹ ਨਾ apply ਕਰੋ, ਨੈੱਟ ਨਤੀਜਾ ਪਤਾ ਹੀ ਨਹੀਂ ਲਗਦਾ।

ਸਵਾਸ ਲਓ ਪੂਰਾ ਭਰ ਕੇ, ਥੋੜ੍ਹਾ ਜਿਹਾ ਇਹਨੂੰ ਰੋਕੋ, ਜਿੰਨਾ ਸੌਖਾ-ਸੌਖਾ ਕਰ ਸਕਦੇ ਹੋਂ। ਫੇਰ ਛੱਡੋ, ਪੂਰਾ-ਪੂਰਾ ਟਾਈਮ ਲਾਓ। ਕੰਜੂਸੀ ਨਾ ਕਰੋ ਕਿਉਂਕਿ ਸਵਾਸ ਦੀ ਰਫ਼ਤਾਰ ਤੇਜ਼ ਹੈ। ਰਫ਼ਤਾਰ ਨੂੰ ਕੰਟਰੋਲ ਕਰੋ। ਰਫ਼ਤਾਰ ਕਿਵੇਂ ਵਧੀ ਹੋਈ ਹੈ -

ਚਲਤ ਅਠਾਰ੍ਹਾਂ ਬੈਸਤ ਬਾਰ੍ਹਾਂ ਸੋਵਤ ਚੌਬੀਸ ਜਾਤ।

ਇਕ ਮਿੰਟ 'ਚ ਬੈਠਾ ਬਾਰ੍ਹਾਂ, ਚਲਦਾ ਅਠਾਰ੍ਹਾਂ, ਸੌਂਦਾ ਚੌਵੀ ਸਵਾਸ ਲੈਂਦਾ ਹੈ। ਗੁੱਸਾ ਆ ਗਿਆ ਬੱਤੀ, ਵਿਸ਼ੇ-ਵਿਕਾਰਾਂ 'ਚ ਚੌਂਹਠ ਸਵਾਸ ਲੈਂਦਾ ਹੈ। ਇਸੇ ਕਰਕੇ -

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥

ਜਿਉ ਕੰਚਨ ਸੋਹਾਗਾ ਢਾਲੈ ॥ ਅੰਗ- ੯੩੨

ਇਸ ਕਰਕੇ ਇਹ ਵਿਧੀ ਅਪਣਾਓ, ਸਤੋਗੁਣੀ ਆਹਾਰ ਦੇ ਨਾਲ। ਸਹਿਜ ਨਾਲ ਸਵਾਸ ਚਲਦੇ ਨੇ, ਇਹਨਾਂ ਦੇ ਉਤੇ ਗੁਰਮੰਤ੍ਰ ਸਵਾਰ ਕਰ ਦਿਓ। ਅੰਦਰ ਨੂੰ ਜਾਂਦਾ ਹੈ 'ਵਾਹਿ' ਬਾਹਰ ਨੂੰ ਸਵਾਸ ਆਉਂਦੇ 'ਗੁਰੂ'। ਐਨਾ ਹੀ ਕਰ ਲਓ। ਆਖਰੀ ਸਵਾਸ ਆਏਗਾ, ਗੁਰੂ ਦੇ ਲੋਕ ਨੂੰ ਲੈ ਜਾਏਗਾ। ਫੇਰ ਕਿੰਨੀ ਖੁਸ਼ੀ ਹੈ, ਅਨੰਦ ਹੈ। ਫੇਰ –

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ – ੧੩੬੫

ਕਬੀਰ ਮੁਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥
ਅੰਗ – ੧੩੬੭

'ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥' ਐਸਾ ਦਰ ਜਿੱਥੇ ਅਸੀਂ ਆਏ।

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ
॥ ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥
ਅੰਗ- ੧੩੬੭

ਇਸ ਦੁਆਰੇ 'ਤੇ ਆ ਕੇ, ਕਿੰਨਾ ਸੁਹਾਵਣਾ ਅਸਥਾਨ, ਗੁਰੂ ਦੀ ਇਹ ਪਿਆਰੀ ਗੋਦ –

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥
ਅੰਗ – ੧੩੭੦

ਸੋ ਇਸ ਤਰ੍ਹਾਂ ਕਰਦੇ-ਕਰਦੇ ਰਸਨਾ ਰਸ ਨਾਲ ਭਰ ਜਾਂਦੀ ਹੈ। ਤਨਾਵਪੂਰਨ ਜੀਵਨ (stressful life) ਅਨੰਦਦਾਇਕ (enjoyful) ਹੋ ਜਾਂਦਾ ਹੈ। ਐਨਾ ਕੁ ਹੀ ਕੰਮ ਕਰ ਲਓ, ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਕਿੱਡਾ ਸ਼ਕਤੀਸ਼ਾਲ ਮੰਤਰ ਹੈ, ਸਤਿਸੰਗ 'ਚ ਜਾ ਕੇ ਪਤਾ ਲਗਦਾ ਹੈ ਕਿ ਕਿਵੇਂ ਇਹਨੂੰ ਜਪਣਾ ਹੈ। 'ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥' ਕੋਈ ਡਰ ਨਹੀਂ ਰਹਿੰਦਾ, ਜਦੋਂ ਅਸੀਂ ਇਹਨੂੰ ਜਪਦੇ ਹਾਂ। ਕਿੰਨੇ ਹੀ ਦੁਖ ਨੇ, ਕਿੰਨੇ ਹੀ ਰੋਗ ਨੇ –

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਅੰਗ – ੯੭੨

ਅੰਦਰ ਸੁਣਨਾ ਹੈ। ਕੋਈ ਔਖਾ ਨਹੀਂ, ਪਹਿਲਾਂ ਤਾਂ ਜਪਣਾ ਪੈਂਦਾ ਹੈ, ਫੇਰ ਆਪੇ ਹੀ ਇਹ ਜਾਪ, ਅਜਪਾ ਬਣ ਜਾਂਦਾ ਹੈ। ਫੇਰ ਆਪਣੇ ਆਪ ਹੋਣਾ ਸ਼ੁਰੂ ਹੋ ਜਾਂਦਾ ਹੈ। ਕੁਝ ਕਰਨ ਦੀ ਲੋੜ ਨਹੀਂ –

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ ਅੰਗ- ੨੦੧

ਫੇਰ ਜਿਹੜਾ ਕਾਰਜ ਹੈ ਸਭ ਠੀਕ ਹੋ ਜਾਂਦਾ ਹੈ। ਸਤਿਗੁਰੂ ਦੀ ਚਰਨ ਸ਼ਰਨ 'ਚ ਆ ਕੇ, ਥੋੜ੍ਹਾ ਜਿਹਾ ਬੈਠ ਕੇ ਵੀ ਜਦੋਂ ਅਸੀਂ ਸਤਿਸੰਗ ਕਰਦੇ ਹਾਂ, ਇਹਦੇ ਨਾਲ ਅੰਦਰ ਦਾ ਰਸਤਾ ਖੁਲ੍ਹਦਾ ਜਾਂਦਾ ਹੈ।

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ – ੨੯੩

ਨਹੀਂ ਤਾਂ ਕੀ ਹੁੰਦਾ ਹੈ –

ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥
ਸਾਕਤ ਕੀ ਬਿਧਿ ਨੈਨਹੁ ਡੀਠੀ ॥ ਅੰਗ – ੯੯੨

ਇਸੇ ਕਰਕੇ ਕਿਹਾ ਹੈ ਕਿ –

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥
ਅੰਗ – ੧੩੭੧

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥
ਅੰਗ – ੧੩੬੫

ਸਤਿਸੰਗ ਤਾਂ ਭਾਗਾਂ ਨਾਲ ਮਿਲਦਾ ਹੈ। ਕੁਸੰਗ ਤਾਂ ਆਮ ਹੀ ਮਿਲ ਜਾਂਦਾ ਹੈ। ਮੀਡੀਏ ਦਾ ਜ਼ਮਾਨਾ ਹੈ, ਇੰਟਰਨੈੱਟ ਦਾ ਸਮਾਂ ਹੈ। ਕਲਜੁਗ ਦਾ ਸਮਾਂ ਹੈ ਸਾਰੇ ਪ੍ਰਦੂਸ਼ਣ ਹੀ ਪ੍ਰਦੂਸ਼ਣ ਹੈ। ਦਿਮਾਗਾਂ 'ਚ ਮੈਲ ਭਰੀ ਪਈ ਹੈ। ਅੰਤਸ਼ਕਰਣ 'ਚ ਵਿਚਾਰ ਦਾ ਜੋੜ ਹੈ, ਮਨ ਚਿਤ, ਬੁੱਧ, ਅਹੰਭਾਵ, ਉਸ ਸ਼ੀਸ਼ੇ 'ਤੇ ਮੈਲ ਪੈ ਗਈ, ਪਰਮ ਆਪੇ ਦੇ ਦਰਸ਼ਨ ਨਹੀਂ ਹੁੰਦੇ –

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ – ੪

ਉਸ ਨਾਮ ਦਾ ਰੰਗ, ਸਾਧ ਕਾ ਸੰਗ, ਭਜਨ ਬਾਣੀ ਦਾ ਪ੍ਰਤਾਪ ਸਤਿਗੁਰੂ ਦੀ ਚਰਨ ਸ਼ਰਨ ਲਿਆਂ ਤੋਂ ਮਿਲਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਗੁਰਬਾਣੀ ਅਰਥ ਭੰਡਾਰ

ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-46)

ਸਲੋਕ ਮਃ ੩ ॥
ਵੇਸ ਕਰੇ ਕੁਰੂਪਿ ਕੁਲਖਣੀ
ਮਨਿ ਖੋਟੈ ਕੂੜਿਆਰਿ ॥

ਜਿਹੜੀ ਇਸਤਰੀ ਕੁਲਖਣੀ=ਖੋਟੇ ਲੱਛਣਾਂ ਵਾਲੀ ਹੈ, ਕੁਰੂਪਿ=ਬਦ ਸ਼ਕਲ ਤੇ ਬਹੁਤੇ ਵੇਸ=ਲਿਬਾਸ ਨੂੰ ਧਾਰਨ ਕਰੇ=ਕਰਦੀ ਹੈ ਅਤੇ ਹਰ ਵਕਤ ਮਨ ਦੀ ਖੋਟੀ ਅਤੇ ਕੂੜਿਆਰਿ=ਝੂਠ ਬੋਲਣ ਵਾਲੀ ਹੈ।

ਪਿਰ ਕੈ ਭਾਣੈ ਨਾ ਚਲੈ
ਹੁਕਮੁ ਕਰੇ ਗਾਵਾਰਿ ॥

ਉਹ ਆਪਣੇ ਪਿਰ=ਪਤੀ ਕੈ=ਦੇ ਭਾਣੈ=ਹੁਕਮ ਅਨੁਸਾਰ ਚਲੈ=ਚਲਦੀ ਹੀ ਨਹੀਂ ਸਗੋਂ ਗਾਵਾਰਿ=ਬੇਸਮਝ ਇਸਤਰੀ ਉਲਟਾ ਆਪਣੇ ਪਤੀ ਉੱਤੇ ਹੁਕਮ ਕਰੇ=ਕਰਦੀ ਹੈ।

ਗੁਰ ਕੈ ਭਾਣੈ ਜੋ ਚਲੈ
ਸਭਿ ਦੁਖ ਨਿਵਾਰਣਹਾਰਿ ॥

ਜੇ ਗੁਰੂ ਸਾਹਿਬ ਜੀ ਦੇ ਭਾਣੈ=ਰਜ਼ਾ ਵਿਚ ਜੀਵ ਰੂਪ ਇਸਤਰੀ ਚਲੈ=ਚਲਦੀ ਹੈ, ਗੁਰੂ ਜੀ ਉਸ ਦੇ ਜੰਮਣ ਮਰਨ ਆਦਿ ਸਭਿ=ਸਾਰੇ ਦੁੱਖਾਂ ਨੂੰ ਨਿਵਾਰਣਹਾਰਿ=ਨਵਿਰਤ ਕਰਨ ਵਾਲੇ ਹਨ ਵਾ: ਜੋ ਜੀਵ ਰੂਪ ਇਸਤਰੀ ਸਤਿਗੁਰਾਂ ਦੇ ਭਾਣੇ ਵਿਚ ਚਲਦੀ ਹੈ, ਉਸ ਦਾ ਦਾ ਕਾਮਨਾ ਰੂਪੀ ਕੁੱਕੜ, ਲੋਭ ਰੂਪੀ ਕੁੱਤਾ, ਨਿੰਦਿਆ ਰੂਪੀ ਛੱਜ, ਤ੍ਰਿਸ਼ਨਾ ਆਦਿ ਅਧੀਨ ਹੋ ਜਾਂਦੀ ਹੈ।

ਲਿਖਿਆ ਮੇਟਿ ਨ ਸਕੀਐ
ਜੋ ਧੁਰਿ ਲਿਖਿਆ ਕਰਤਾਰਿ ॥

ਜੋ ਧੁਰਿ=ਆਦਿ ਤੋਂ ਕਰਤਾਰਿ=ਸੁਆਮੀ ਮਾਲਕ ਨੇ ਕਰਮਾਂ ਅਨੁਸਾਰ ਲੇਖ ਲਿਖ ਦਿਤਾ ਹੈ, ਉਹ ਲਿਖਿਆ ਹੋਇਆ ਲੇਖ ਕਿਸੇ ਪ੍ਰਕਾਰ ਵੀ ਮੇਟ ਨ=ਨਹੀਂ ਸਕੀਐ=ਸਕੀਦਾ ਹੈ।

ਮਨੁ ਤਨੁ ਸਉਪੇ ਕੰਤ ਕਉ
ਸਬਦੇ ਧਰੇ ਪਿਆਰੁ ॥

ਜਿਹੜੀ ਇਸਤਰੀ ਆਪਣੇ ਕੰਤ=ਪਤੀ ਦੀ ਸੇਵਾ ਵਿਚ ਅਧੀਨ ਹੋ ਕੇ ਆਪਣਾ ਤਨ ਮਨ ਸਉਪੇ=ਸੌਂਪ ਦਿੰਦੀ ਹੈ ਅਥਵਾ ਜੀਵ ਰੂਪੀ ਇਸਤਰੀ ਆਪਣਾ ਤਨ ਮਨ ਕੰਤ=ਪਤੀ ਪਰਮੇਸ਼ਰ ਨੂੰ ਸੌਂਪ ਦੇਵੇ ਅਤੇ ਗੁਰੂ ਸਾਹਿਬ ਜੀ ਦੇ ਸਬਦੇ=ਉਪਦੇਸ਼ ਵਿਚ ਪਿਆਰੁ=ਸਨੇਹ ਧਰੇ=ਧਾਰਨਾ ਕਰੇ।

ਬਿਨੁ ਨਾਵੈ ਕਿਨੈ ਨ ਪਾਇਆ
ਦੇਖਹੁ ਰਿਦੈ ਬੀਚਾਰਿ ॥

ਨਾਵੈ=ਨਾਮ ਤੋਂ ਬਿਨਾਂ ਕਿਨੈ=ਕਿਸੇ ਨੇ ਵੀ ਪਤੀ ਪਰਮੇਸ਼ਰ ਦੇ ਅਨੰਦ ਨੂੰ ਨਹੀਂ ਪਾਇਆ। ਭਾਵੇਂ ਰਿਦੈ=ਹਿਰਦੇ ਵਿਚ ਸਤਿਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰਕੇ ਦੇਖਹੁ=ਦੇਖ ਲਵੋ।

ਨਾਨਕ ਸਾ ਸੁਆਲਿਓ ਸੁਲਖਣੀ
ਜਿ ਰਾਵੀ ਸਿਰਜਨਹਾਰਿ ॥ ੧ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾ=ਉਹ ਇਸਤਰੀ ਹੀ ਸੁਆਲਿਓ=ਸਾਲਾਹੁਣੇ ਜੋਗ ਹੈ ਜੋ ਸੁਲਖਣੀ=ਸ੍ਰੇਸ਼ਟ ਲੱਖਣਾ ਵਾਲੀ ਹੈ ਵਾ: ਉਹ ਜੀਵ ਰੂਪ ਇਸਤਰੀ, ਭਗਤੀ ਵਾਲੀ, ਸਲਾਹੁਣੇ ਯੋਗ ਅਤੇ ਸਤ, ਸੰਤੋਖ, ਦਇਆ ਆਦਿ ਸ੍ਰੇਸ਼ਟ ਲੱਛਣਾਂ ਵਾਲੀ ਹੈ, ਜਿ=ਜਿਹੜੀ ਸਿਰਜਨਹਾਰਿ=ਰਚਨਹਾਰ ਵਾਹਿਗੁਰੂ ਨੇ ਰਾਵੀ=ਭੋਗੀ ਹੈ ਭਾਵ ਆਪਣੇ ਵਿਚ ਅਭੇਦ ਕਰ ਲਈ ਹੈ।

ਮਃ ੩ ॥
ਮਾਇਆ ਮੋਹੁ ਗੁਬਾਰੁ ਹੈ
ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥

ਸੰਸਾਰ ਰੂਪੀ ਅੰਧ ਸਾਗਰ ਵਿਚ ਮਾਇਆ ਦੇ ਮੋਹ ਦਾ ਗੁਬਾਰੁ=ਗਾੜ੍ਹਾ ਹਨੇਰਾ ਹੈ, ਹਨ੍ਹੇਰੇ ਕਾਰਨ ਤਿਸ=ਉਸ ਸੰਸਾਰ ਰੂਪੀ ਅੰਧ ਸਾਗਰ ਦਾ ਉਰਵਾਰੁ=ਉਰਲਾ ਪਾਸਾ ਭਾਵ ਉਤਪਤੀ ਨ=ਨਹੀਂ ਦਿਸੈ=ਦਿਸਦੀ ਤੇ ਨ=ਨਾ ਹੀ ਪਾਰੁ=ਪਰਲਾ ਕਿਨਾਰਾ ਭਾਵ ਸਮਾਪਤੀ ਦਿਸਦੀ ਹੈ।

ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ
ਡੁਬੇ ਹਰਿ ਨਾਮੁ ਵਿਸਾਰਿ ॥

ਅਗਿਆਨੀ ਮਨਮੁਖ ਲੋਕ ਜੰਮਣ ਮਰਣ ਆਦਿ ਦੇ ਮਹਾ=ਵੱਡੇ ਦੁੱਖ ਪਾਇਦੇ=ਪਾਉਂਦੇ ਹਨ ਅਤੇ ਹਰਿ=ਹਰੀ ਪਰਮੇਸ਼ਰ ਦੇ ਨਾਮ ਨੂੰ ਵਿਸਾਰਿ=ਭੁਲਾ ਕੇ ਸੰਸਾਰ ਰੂਪੀ ਸਮੁੰਦਰ ਵਿਚ ਡੁੱਬੇ ਰਹਿੰਦੇ ਹਨ।

ਭਲਕੇ ਉਠਿ ਬਹੁ ਕਰਮ ਕਮਾਵਹਿ

ਦੂਜੈ ਭਾਇ ਪਿਆਰੁ ॥
ਉਹ ਮਨਮੁਖ ਭਲਕੇ=ਨਿਤਾਪ੍ਰਤੀ ਉੱਠ ਕੇ ਬਹੁ=ਬਹੁਤ ਸਾਰੇ ਸਕਾਮ ਕਰਮਾਂ ਨੂੰ ਕਮਾਵਹਿ=ਕਮਾਉਣਾ ਕਰਦੇ ਹਨ। ਵਾਹਿਗੁਰੂ ਪ੍ਰਮੇਸ਼ਰ ਨੂੰ ਭੁਲਾ ਕੇ ਦੂਜੈ=ਦ੍ਵੈਤ ਭਾਵ ਵਿਚ ਹੋਰ ਦੇਵੀ ਦੇਵਤਿਆਂ ਨਾਲ ਪਿਆਰੁ=ਸਨੇਹ ਕਰਦੇ ਹਨ।

ਸਤਿਗੁਰੁ ਸੇਵਹਿ ਆਪਣਾ
ਭਉਜਲੁ ਉਤਰੇ ਪਾਰਿ ॥

ਜਿਹੜੇ ਆਪਣੇ ਸਤਿਗੁਰੂ ਨੂੰ ਆਪਣਾ ਜਾਣ ਕੇ ਸੇਵਹਿ=ਪੂਜਨ ਕਰਦੇ ਹਨ, ਉਹ ਸੰਸਾਰ ਰੂਪੀ ਸਮੁੰਦਰ ਤੋਂ, ਜੰਮਣ ਮਰਨ ਦੇ ਭੈ ਤੋਂ ਪਾਰ ਹੋ ਕੇ ਮੁਕਤੀ ਰੂਪੀ ਕਿਨਾਰੇ 'ਤੇ ਉਤਰੇ=ਉਤਰ ਭਾਵ ਪਹੁੰਚ ਜਾਂਦੇ ਹਨ।

ਨਾਨਕ ਗੁਰਮੁਖਿ ਸਚਿ ਸਮਾਵਹਿ
ਸਚੁ ਨਾਮੁ ਉਰ ਧਾਰਿ ॥ ੨ ॥

ਸਤਿਗੁਰੂ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਉਹ ਗੁਰਮੁਖ ਜਨ ਸੱਚ ਸਰੂਪ ਵਿਚ ਸਮਾਵਹਿ=ਸਮਾ ਜਾਂਦੇ ਹਨ, ਜਿਨ੍ਹਾਂ ਨੇ ਸੱਚੇ ਨਾਮ ਨੂੰ ਉਰ=ਹਿਰਦੇ ਵਿਚ ਧਾਰਿ=ਧਾਰਿਆ ਭਾਵ ਵਸਾਇਆ ਹੈ।

ਪਉੜੀ ॥
ਹਰਿ ਜਲਿ ਥਲਿ ਮਹੀਅਲਿ ਭਰਪੂਰਿ
ਦੂਜਾ ਨਾਹਿ ਕੋਇ ॥

ਹਰਿ=ਪਰਮੇਸ਼ਰ ਜਲਿ=ਜਲਾਂ, ਥਲਿ=ਥਲਾਂ ਮਹੀਅਲਿ=ਵਿਚ ਭਰਪੂਰਿ=ਵਿਆਪਕ ਹੋ ਰਿਹਾ ਹੈ ਵਾ: ਜਲਾਂ, ਥਲਾਂ, (ਮਹੀ+ਅਲਿ) ਮਹੀ=ਧਰਤੀ ਤੇ ਅਲਿ=ਆਕਾਸ਼ ਵਿਚ ਵਿਆਪਕ ਹੋ ਰਿਹਾ ਹੈ, ਉਸ ਪਰਮੇਸ਼ਰ ਤੋਂ ਬਿਨਾਂ ਹੋਰ ਦੂਜਾ=ਦੂਸਰਾ ਕੋਇ=ਕੋਈ ਵੀ ਨਹੀਂ ਹੈ।

ਹਰਿ ਆਪਿ ਬਹਿ ਕਰੇ ਨਿਆਉ
ਕੂੜਿਆਰ ਸਭ ਮਾਰਿ ਕਢੋਇ ॥

ਹਰਿ=ਵਾਹਿਗੁਰੂ ਆਪ ਹੀ ਸੰਸਾਰ ਦੇ ਸਾਰਿਆਂ ਜੀਵਾਂ ਦੇ ਹਿਰਦਿਆਂ ਵਿਚ ਬਹਿ=ਬੈਠ ਕੇ ਸਤ, ਅਸੱਤ ਦਾ ਨਿਆਉ=ਨਿਰਣਾ ਵਾ: ਸੱਚਾ ਨਿਆਉ=ਇਨਸਾਫ ਕਰ=ਕਰਦਾ ਹੈ। ਜਿਹੜੇ ਕੂੜਿਆਰ=ਝੂਠ ਬੋਲਣ ਵਾਲੇ ਹਨ, ਉਨ੍ਹਾਂ ਸਭ=ਸਾਰਿਆਂ ਨੂੰ ਦਰਗਾਹ ਵਿਚੋਂ ਮਾਰ ਕੇ ਜੂਨਾਂ ਵਿਚ ਕਢੋਇ=ਕੱਢ ਦਿੰਦਾ ਹੈ।

ਸਚਿਆਰਾ ਦੇਇ ਵਡਿਆਈ
ਹਰਿ ਧਰਮ ਨਿਆਉ ਕੀਓਇ ॥

ਸਚਿਆਰਾ=ਸੱਚਾਈ ਵਾਲੇ ਗੁਰਮੁਖ ਜਨਾਂ ਨੂੰ ਸੱਚੇ ਪਾਤਸ਼ਾਹ ਆਪਣੇ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ ਦੇਇ=ਦਿੰਦਾ ਹੈ ਇਹ ਹਰਿ=ਹਰੀ ਪ੍ਰਮੇਸ਼ਰ ਨੇ ਧਰਮ ਦਾ ਨਿਆਉਂ ਕੀਓਇ=ਕੀਤਾ ਹੈ।

ਸਭ ਹਰਿ ਕੀ ਕਰਹੁ ਉਸਤਤਿ
ਜਿਨਿ ਗਰੀਬ ਅਨਾਥ ਰਾਖਿ ਲੀਓਇ ॥

ਸਭ=ਸਾਰੇ ਉਸ ਹਰਿ ਹਰੀ ਪਰਮੇਸ਼ਰ ਦੀ ਉਸਤਤਿ=ਮਹਿਮਾ, ਵਡਿਆਈ ਕਰੋ, ਜਿਨਿ=ਜਿਸ ਨੇ ਗਰੀਬ=ਦੀਨ ਤੇ ਅਨਾਥ=ਯਤੀਮਾਂ ਨੂੰ ਆਪਣਾ ਆਸਰਾ ਦੇ ਕੇ ਰਾਖਿ=ਰੱਖ ਲੀਓਇ=ਲੈਣਾ ਕੀਤਾ ਹੈ।

ਜੈਕਾਰੁ ਕੀਓ ਧਰਮੀਆ ਕਾ
ਪਾਪੀ ਕਉ ਡੰਡੁ ਦੀਓਇ ॥

ਉਸ ਪਰਮੇਸ਼ਰ ਨੇ ਧਰਮੀ ਪੁਰਖਾਂ ਕਾ=ਦਾ ਦਰਗਾਹ ਵਿਚ ਜੈਕਾਰ ਭਾਵ ਸਤਿਕਾਰ ਕੀਓ=ਕੀਤਾ ਹੈ ਅਤੇ ਪਾਪੀ=ਪਾਪ ਕਰਨ ਵਾਲੇ ਪੁਰਖਾਂ ਕਉ=ਨੂੰ ਨਰਕਾਂ ਵਿਚ ਡੰਡੁ=ਦੰਡ ਦੀਓਇ=ਦੇਣਾ ਕੀਤਾ ਹੈ।

'ਚਲਦਾ...../'

'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।

2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।

3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

ਜਨ ਪਰਉਪਕਾਰੀ ਆਏ

(ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

ਪ੍ਰੋ. ਗੁਰਦੇਵ ਸਿੰਘ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-51)

13. ਯੂ.ਪੀ ਵਿਚ ਫਾਰਮ ਦੀ ਸੰਭਾਲ ਅਤੇ ਪ੍ਰਚਾਰ ਸੇਵਾ

ਬੀਜੀ ਅਤੇ ਬਾਬਾ ਜੀ ਨੇ ਸੰਤ ਮਹਾਰਾਜ ਜੀ ਵੱਲੋਂ ਕੀਤੇ ਹੋਏ ਆਦੇਸ਼ ਨੂੰ ਖਿੜੇ ਮੱਥੇ ਸਵੀਕਾਰ ਕਰਕੇ ਉਨ੍ਹਾਂ ਦੇ ਬਚਨਾਂ ਨੂੰ ਝੋਲੀ ਵਿਚ ਪਾਇਆ ਅਤੇ ਸਤਿਬਚਨ ਕਹਿ ਕੇ ਸੀਸ ਨਿਵਾਇਆ। ਬੇਨਤੀ ਕੀਤੀ ਕਿ ਮਹਾਰਾਜ ਜੀ! ਆਪ ਜੀ ਦਾ ਹੁਕਮ ਸਾਡੇ ਸਿਰ ਮੱਥੇ ਹੈ, ਆਪਣਾ ਮਿਹਰ ਭਰਿਆ ਹੱਥ ਰੱਖ ਕੇ ਸਾਨੂੰ ਇਨ੍ਹਾਂ ਬਚਨਾਂ ਨੂੰ ਨਿਭਾਉਣ ਦੀ ਸ਼ਕਤੀ ਪ੍ਰਦਾਨ ਕਰਨਾ ਜੀ। ਸਾਡੇ ਪਰਿਵਾਰ ਨੇ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਕੇ, ਭਿੱਜੇ ਨੇਤਰਾਂ ਨਾਲ ਵਿਦਾਇਗੀ ਦਿਤੀ ਅਤੇ ਜਦ ਤਕ ਅੱਖਾਂ ਤੋਂ ਓਹਲੇ ਨਹੀਂ ਹੋਏ, ਜਿਵੇਂ ਚਕੋਰ, ਚੰਦਰਮਾ ਵਲ ਨੀਝ ਲਾ ਕੇ ਦੇਖਦਾ ਹੈ ਇਸ ਤਰ੍ਹਾਂ ਨਾਲ ਆਪਣੇ ਪਿਆਰੇ ਵਲ ਤਕਦੇ ਰਹੇ। ਇਹ ਪਿਆਰੇ ਨਾਲ ਅਤੀ ਪਿਆਰ ਤੇ ਸਮਰਪਣ ਦੀ ਨਿਸ਼ਾਨੀ ਹੋਇਆ ਕਰਦੀ ਹੈ ਕਿ ਜੋ ਭੀ ਹੁਕਮ ਹੋ ਜਾਵੇ ਉਸ ਤੋਂ ਮੁਖ ਨਹੀਂ ਮੋੜਦੇ।

ਜੈਸੀ ਆਗਿਆ ਕੀਨੀ ਠਾਕੁਰਿ
ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ
ਉਠਿ ਉਆਹੁ ਕਉ ਦਉਰਿਓ ॥ *ਅੰਗ - ੧੦੦੦*

ਸਾਧਸੰਗਤ ਜੀ! ਇਹ ਕੋਈ ਸੌਖੀ ਜਿਹੀ ਗੱਲ ਨਹੀਂ ਸੀ ਕਿ ਇਤਨੇ ਸਾਲਾਂ ਦੀ ਸਰਕਾਰੀ ਸਰਵਿਸ ਨੂੰ ਝੱਟਪੱਟ ਤਿਆਗ ਦੇਣਾ ਤੇ ਸੁਖਾਂ ਨਾਲ ਵਸ ਰਹੀ ਗ੍ਰਿਹ-ਗ੍ਰਿਹਸਤੀ ਨੂੰ ਪੁੱਟ ਕੇ ਕਿਸੇ ਜੰਗਲ ਵਿਚ ਲਿਆ ਕੇ ਰੱਖ ਦੇਣਾ। ਬੀਜੀ ਦੇ ਸਾਥ ਤੇ ਦ੍ਰਿੜ੍ਹਤਾ ਦਾ ਸਦਕਾ ਆਪ ਜੀ ਨੇ ਕੋਈ ਪਰਵਾਹ ਨਹੀਂ ਕੀਤੀ ਕਿ ਐਨੇ ਸਾਲ ਦੀ ਸਰਕਾਰੀ ਸਰਵਿਸ ਹੋ ਚੁਕੀ ਹੈ। ਰਿਟਾਇਰ ਹੋਣ ਤੋਂ ਬਾਦ ਪੈਸਾ ਵੀ ਮਿਲਦਾ ਹੈ ਤੇ ਪੈਨਸ਼ਨ ਵੀ ਲਗਦੀ ਹੈ। ਆਪ ਜੀ ਦੇ ਗੁਰਮੁਖ ਜੀਵਨ ਤੋਂ ਸਾਰੇ ਪ੍ਰਭਾਵਿਤ ਸਨ ਜਿਸ ਕਰਕੇ ਦਫਤਰ ਦੇ ਸਾਰੇ ਅਫਸਰ ਤੇ ਸਾਥੀ ਬਹੁਤ ਮਾਣ ਸਤਿਕਾਰ ਕਰਦੇ ਸਨ। ਆਪ ਜੀ ਨੇ ਇਕ ਸਾਲ ਦੀ ਛੁੱਟੀ ਦੀ ਅਰਜ਼ੀ ਦੇ ਕੇ ਯੂ.ਪੀ. ਜਾਣ ਦੀ ਤਿਆਰੀ ਕਰ ਲਈ ਪਰ ਆਪ ਜੀ ਦੇ ਅਸਰ ਰਸੂਖ ਦਾ ਸਕਦਾ ਦਫਤਰ ਵਲੋਂ ਸਾਲ ਭਰ ਕੋਈ ਕਾਰਵਾਈ ਨਹੀਂ ਕੀਤੀ ਗਈ। ਸਾਰੇ ਆਪ ਜੀ ਨੂੰ ਉਡੀਕਦੇ ਰਹੇ ਕਿ ਆਪ ਜੀ ਵਾਪਿਸ ਡਿਊਟੀ ਤੇ ਆ ਜਾਣਗੇ ਪਰ ਆਪ ਨੇ ਕਦੀ ਐਸਾ ਫੁਰਨਾ ਵੀ ਮਨ ਵਿਚ ਨਹੀਂ ਲਿਆਂਦਾ। ਇਥੇ ਵਰਨਣਯੋਗ ਹੈ ਕਿ ਆਪ ਨੇ ਪਹਿਲੇ 20 ਕੁ ਸਾਲ ਪਿੰਡ ਧਮੋਟ ਵਿਚ ਗੁਜ਼ਾਰੇ ਤੇ ਉਥੇ ਆਪ ਜੀ ਨੂੰ ਖੇਤੀਬਾੜੀ ਦੇ ਧੰਦੇ ਨਾਲ ਕਾਫੀ ਵਾਹ ਪੈਂਦਾ ਰਹਿੰਦਾ ਸੀ ਪਰ ਅਗਲੇ 20 ਸਾਲ ਆਪ ਜੀ ਨੇ ਦਿੱਲੀ, ਭਾਈ ਮੋਹਨ ਸਿੰਘ ਦੀ ਫਰਨਿਸ਼ਿੰਗ ਕੰਪਨੀ ਵਿਚ ਫੇਰ ਪਟਿਆਲੇ ਫੌਜ ਵਿਚ, ਉਪਰੰਤ ਚੰਡੀਗੜ੍ਹ ਸੈਕਟਰੀਏਟ ਵਿਚ ਸਰਵਿਸ ਕੀਤੀ। ਜਿਸ ਕਰਕੇ ਇਸ ਦੌਰਾਨ ਆਪ ਜੀ ਦਾ ਖੇਤੀਬਾੜੀ ਨਾਲ ਕੋਈ ਵਾਹ ਨਹੀਂ ਰਿਹਾ ਪਰ ਫੇਰ ਆਪ ਜੀ ਨੇ ਸੁਖ ਆਰਾਮ ਛੱਡ ਕੇ ਮਿਹਨਤਕਸ਼ ਧੰਦੇ ਨੂੰ ਅਪਨਾਇਆ ਤੇ ਸਫਲਤਾ ਪ੍ਰਾਪਤ ਕੀਤੀ। ਸਾਡੇ ਵਰਗਾ ਆਮ ਬੰਦਾ ਸੌ ਵੇਰਾਂ ਸੋਚ ਕੇ ਦੁਬਿਧਾ ਵਿਚ ਪੈ ਜਾਂਦਾ ਹੈ ਪਰ ਧੰਨ ਹਨ ਐਸੇ ਗੁਰੂ ਦੇ ਪਿਆਰੇ ਜਿਨ੍ਹਾਂ ਨੂੰ ਸਤਿਪੁਰਸ਼ਾਂ ਦੇ ਬਚਨ ਤੇ ਪੂਰਨ ਭਰੋਸਾ ਹੋਇਆ ਕਰਦਾ ਹੈ। ਉਹ ਨਿਸਚਾ ਧਾਰ ਕੇ ਪਿੱਛੇ ਨਹੀਂ ਦੇਖਿਆ ਕਰਦੇ, ਅਗਾਂਹਾਂ ਵੱਲ ਹੀ ਕਦਮ ਪੁੱਟਿਆ ਕਰਦੇ ਹਨ।

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥
ਅੰਗ - ੧੦੯੬

ਉਸ ਵੇਲੇ ਯੂ.ਪੀ ਤਰਾਈ ਦੇ ਇਲਾਕੇ ਦਾ ਇਹ ਮਹਾਨ ਜੰਗਲ ਸੀ ਅਤੇ ਇਸ ਵਿਚ ਜੰਗਲੀ ਜਾਨਵਰਾਂ ਦੀ ਆਮ ਭਰਮਾਰ ਹੁੰਦੀ ਸੀ। ਪੰਜਾਬ ਦੇ ਕਿਸਾਨਾਂ ਨੇ ਇਸ ਨੂੰ ਖਰੀਦ ਕੇ, ਬੜੀ ਮਿਹਨਤ ਨਾਲ ਜੰਗਲਾਂ ਨੂੰ ਪੁੱਟਿਆ ਤੇ ਇਸ ਜ਼ਮੀਨ ਨੂੰ ਖੇਤੀ ਯੋਗ ਬਣਾਇਆ। ਸੰਨ 1950 ਵਿਚ ਆਪ ਜੀ ਦੇ ਪਿਤਾ ਜੀ ਨੇ ਵੀ ਇਥੇ ਜ਼ਮੀਨ ਖਰੀਦੀ ਸੀ। ਆਪ ਜੀ ਨੇ ਉਨ੍ਹਾਂ ਕੋਲ ਜਾ ਕੇ ਬੜੀ ਜ਼ਿੰਮੇਵਾਰੀ ਨਾਲ ਕੰਮ ਨੂੰ ਸੰਭਾਲਿਆ ਅਤੇ ਕੁਝ ਸਾਲ ਖੇਤੀ ਬਾੜੀ ਪਰਿਵਾਰ ਵਿਚ ਸਾਂਝੇ ਤੌਰ 'ਤੇ ਚਲਦੀ ਰਹੀ ਪਰ ਫੇਰ ਆਪ ਜੀ ਦੇ ਪਿਤਾ ਜੀ ਨੇ ਬਟਵਾਰਾ ਕਰਕੇ ਜ਼ਮੀਨ ਨੂੰ ਸਾਰੇ ਪਰਿਵਾਰ ਵਿਚ ਵੱਖ-ਵੱਖ ਹਿੱਸਾ ਦੇ ਕੇ ਵੰਡ ਦਿਤਾ। ਆਪ ਜੀ ਦੱਸਿਆ ਕਰਦੇ ਕਿ ਕਰਜ਼ਾ ਚੁੱਕ

ਕੇ ਹੋਰ ਜ਼ਮੀਨ ਖਰੀਦ ਲਈ ਜਿਸ ਵਿਚ ਨਹਿਰੀ ਪਾਣੀ ਤੋਂ ਇਲਾਵਾ ਟਿਊਬਵੈਲ ਵੀ ਲਗਵਾਏ। ਵਧੀਆ ਪੈਦਾਵਾਰ ਲੈਣ ਲਈ ਖਾਦ, ਨਵੇਂ ਢੰਗ ਦੇ ਸੰਦ ਅਤੇ ਟਰੈਕਟਰ ਆਦਿ ਖਰੀਦ ਕੇ ਬੜੇ ਸਾਇੰਟਿਫਿਕ ਢੰਗ ਨਾਲ ਖੇਤੀ ਕਰਨੀ ਸ਼ੁਰੂ ਕੀਤੀ। ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਸੰਪਰਕ ਕਰਕੇ ਫਸਲ ਬੀਜਣ ਦਾ ਸਮਾਂ, ਖਾਦ ਦੀ ਮਾਤਰਾ, ਕੀੜੇ ਮਾਰ ਦਵਾਈਆਂ ਦਾ ਛਿੜਕਾਅ ਦੇ ਵੇਰਵੇ ਜਾਣਕਾਰੀ ਲੈ ਕੇ ਸਾਰਾ ਖਿਆਲ ਰਖਦੇ ਸਨ। ਕੁਦਰਤੀ ਤੌਰ ਤੇ ਫਸਲ ਦਾ ਝਾੜ ਇਲਾਕੇ ਵਿਚ ਸਭ ਤੋਂ ਜ਼ਿਆਦਾ ਹੋਇਆ ਕਰਦਾ ਸੀ ਜਿਸ ਦੇ ਫਲਸਰੂਪ ਸਾਰੇ ਕਰਜ਼ੇ ਸਹਿਜੇ ਹੀ ਉਤਾਰ ਦਿਤੇ ਗਏ। ਆਪ ਦੇ ਗਵਾਂਢੀ ਕਿਸਾਨ ਇਸ ਗੱਲ ਤੇ ਹੈਰਾਨ ਹੁੰਦੇ ਸਨ ਕਿ ਸਾਨੂੰ ਸਖਤ ਮਿਹਨਤ ਕਰਨ ਦੇ ਬਾਵਜੂਦ ਵੀ ਐਨਾ ਝਾੜ ਪ੍ਰਾਪਤ ਕਿਉਂ ਨਹੀਂ ਹੁੰਦਾ। ਆਪ ਜੀ ਬਚਨ ਕਰਦੇ, ਪ੍ਰੇਮੀਓ! ਅਸੀਂ ਫਸਲ ਦੇ ਦੁਆਲੇ ਤੀਜੇ ਪਹਿਰ ਤੋਂ ਲੈ ਕੇ ਸ਼ਾਮ ਰਹਿਰਾਸ ਤੱਕ ਭਜਨ, 10 ਮਾਲਾ ਮੂਲ ਮੰਤਰ ਦੀਆਂ ਅਤੇ ਪਾਠ ਕਰਦੇ ਸੈਰ ਕਰਦੇ ਹੋਏ ਵੀ ਬੂਟਿਆਂ ਵੱਲ ਪਿਆਰ ਨਾਲ ਤੱਕਦੇ ਰਹਿੰਦੇ ਹਾਂ ਕਿਉਂਕਿ ਸਾਇੰਸ ਨੇ ਵੀ ਸਿੱਧ ਕੀਤਾ ਹੈ ਕਿ ਬੂਟੇ ਦੁਖ-ਸੁਖ ਵੀ ਮਾਣਦੇ ਹਨ ਤੇ ਪਿਆਰ ਵੀ ਮਾਣਦੇ ਹਨ। ਇਸ ਕਰਕੇ ਇਨ੍ਹਾਂ ਵੱਲ ਤੱਕ ਕੇ ਖਿਆਲ ਵੀ ਰੱਖਦੇ ਹਾਂ ਕਿ ਬੂਟਾ ਕਮਜ਼ੋਰ ਕਿਉਂ ਹੋ ਰਿਹਾ ਹੈ। ਜਿਥੇ ਕੀੜਿਆਂ ਦੀ ਮਾਰ ਹੋਵੇ, ਬੂਟਾ ਕਮਜ਼ੋਰ ਹੋਵੇ, ਦਵਾਈਆਂ ਦਾ ਛਿੜਕਾ (spray) ਆਦਿ ਕਰਵਾਉਂਦੇ ਹਾਂ। ਇਸ ਕਰਕੇ ਝਾੜ ਕੁਦਰਤੀ ਤੌਰ ਤੇ ਵੱਧ ਹੋ ਜਾਂਦਾ ਹੈ, ਤੁਸੀਂ ਵੀ ਫਸਲ ਦਾ ਬੱਚਿਆਂ ਵਾਂਗੂੰ ਧਿਆਨ ਰੱਖਿਆ ਕਰੋ।

ਆਪ ਜੀ ਦੀ ਅਤੇ ਬੀਜੀ ਦੀ ਦਇਆ ਦ੍ਰਿਸ਼ਟੀ ਤੇ ਕੋਮਲ ਸੁਭਾਅ ਬਾਰੇ ਸ਼ਾਇਦ ਉਨ੍ਹਾਂ ਨੂੰ ਗਿਆਨ ਨਾ ਹੋਵੇ ਕਿ ਉਹ ਆਪਣੇ ਮਜ਼ਦੂਰਾਂ ਦਾ ਕਿਤਨਾ ਖਿਆਲ ਰੱਖਦੇ ਸਨ। ਘਰ ਵਿਚ ਜਿੰਨੇ ਵੀ ਨੌਕਰ ਸਨ, ਉਨ੍ਹਾਂ ਦੀਆਂ ਲੋੜਾਂ ਦਾ ਖਿਆਲ ਬੀਜੀ ਆਪ ਰੱਖਦੇ ਸਨ। ਇਸ ਕਰਕੇ ਉਹ ਖੁਸ਼ ਰਹਿ ਕੇ ਖੇਤੀ ਬਾੜੀ ਦੇ ਕੰਮ, ਬੀਜਾਈ-ਗੁਡਾਈ ਆਦਿ ਫੁਰਤੀ ਨਾਲ ਕਰਦੇ ਅਤੇ ਲੋੜ ਪੈਣ ਤੇ ਸਮੇਂ ਸਿਰ ਪੁੱਜ ਜਾਇਆ ਕਰਦੇ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਸੀ ਕਿ ਬੀਜੀ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਵੀ ਖਿਆਲ ਰੱਖਦੇ ਸਨ। ਦੁੱਧ ਦੇਣ ਵਾਲੇ ਲਵੇਰੇ ਗਊਆਂ-ਮੱਝਾਂ ਆਦਿ ਬਹੁਤੇਰੇ ਸਨ ਇਸ ਕਰਕੇ ਘਰ ਵਿਚ ਦੁੱਧ-ਘਿਓ ਆਦਿ ਪਦਾਰਥਾਂ ਦੀ ਕਮੀ ਨਹੀਂ ਸੀ। ਉਥੋਂ ਦੇ ਜ਼ਿਆਦਾਤਰ ਕਾਮੇ ਇਸਲਾਮ ਮੱਤ ਨਾਲ ਸਬੰਧ ਰੱਖਦੇ ਸਨ। ਰਮਜ਼ਾਨ ਦੇ ਦਿਨਾਂ ਵਿਚ ਜਦੋਂ ਰੋਜ਼ੇ ਖੋਲ੍ਹਦੇ ਤਾਂ ਖੀਰ-ਕੜਾਹ ਵਰਤਾ ਕੇ ਉਨ੍ਹਾਂ ਨੂੰ ਤ੍ਰਿਪਤ ਕੀਤਾ ਜਾਂਦਾ ਸੀ। ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਮਜ਼ਦੂਰੀ ਵੀ ਪੂਰੀ ਦਿਤੀ ਜਾਂਦੀ ਸੀ। ਇਹ ਵੀ ਇਕ ਮਿਸਾਲ ਹੈ ਕਿ ਜਦੋਂ ਆਪ ਜੀ ਗਏ ਉਸ ਵੇਲੇ ਮਜ਼ਦੂਰ ਦੀ ਦਿਹਾੜੀ 2 ਰੁਪਏ ਸੀ ਪਰ ਆਪ ਨੇ ਵਧਾ ਕੇ 2.50 ਰੁਪਏ ਕਰ ਦਿਤੀ ਸੀ ਜਿਸ ਕਰਕੇ ਸਾਰੇ ਮਜ਼ਦੂਰ ਖੁਸ਼ ਹੋ ਕੇ, ਦੌੜ-ਦੌੜ ਕੇ ਕੰਮ ਕਰਦੇ ਸਨ।

ਇਸ ਤੋਂ ਇਲਾਵਾ ਬੀਜੀ ਮਾਲ-ਡੰਗਰਾਂ ਦਾ ਖਿਆਲ ਆਪ ਰੱਖਦੇ ਤੇ ਨੌਕਰਾਂ ਨੂੰ ਹਿਦਾਇਤਾਂ ਦਿੰਦੇ, ਉਨ੍ਹਾਂ ਦੇ ਰੱਖ-ਰਖਾ, ਸਮੇਂ ਸਿਰ ਪੱਠੇ ਪਾਉਣੇ, ਪਾਣੀ ਪਿਲਾਉਣਾ, ਨਹਾਉਣਾ ਅਤੇ ਖੜ੍ਹਨ-ਬੈਠਣ ਵਾਲੀ ਥਾਂ ਦੀ ਸਾਫ-ਸਫਾਈ ਕਰਵਾਉਣੀ ਬੜੇ ਸੁਚੱਜੇ ਢੰਗ ਨਾਲ ਕਰਵਾਉਂਦੇ ਸੀ। ਇਸ ਕਰਕੇ ਪਸ਼ੂ-ਲਵੇਰੇ ਦੁੱਧ ਵੀ ਹੋਰ ਕਿਸਾਨਾਂ ਦੇ ਪਸ਼ੂਆਂ ਤੋਂ ਜ਼ਿਆਦਾ ਦਿੰਦੇ ਸਨ।

ਇਸ ਤਰ੍ਹਾਂ ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਦਸਿਆ ਕਰਦੇ ਸਨ ਕਿ ਜਦੋਂ ਅਸੀਂ ਬਲਦਾਂ ਨਾਲ ਹਲ ਜੋੜਨਾ ਜਾਂ ਖੂਹ ਚਲਾਉਣਾ ਤਾਂ ਕਦੀ ਵੀ ਉਨ੍ਹਾਂ ਨੂੰ ਚਾਬਕ (ਛਾਂਟਾ/ਪਰੈਣੀ) ਨਹੀਂ ਸੀ ਮਾਰਦੇ ਸਗੋਂ ਤੇਜ ਚਲਣ ਲਈ ਹਰੀ ਫਸਲ ਦਾ ਨਰਮ ਤੀਲਾ ਜਾਂ ਕੱਪੜੇ ਦਾ ਪਰਨਾ ਵਰਤਿਆ ਕਰਦੇ ਸੀ। ਜਦੋਂ ਕਦੀ ਵੀ ਦਇਆ ਦੇ ਬਚਨ ਚਲਦੇ ਤਾਂ ਆਪ ਜੀ ਦਸਦੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਦੋਂ ਕਰਤਾਪੁਰ ਖੇਤੀ ਕੀਤੀ ਤਾਂ ਬਲਦਾਂ ਨੂੰ ਤੋਰਨ ਲਈ ਕੱਪੜੇ ਦਾ ਪਰਨਾ ਵਰਤਿਆ ਕਰਦੇ ਸੀ। ਇਸ ਕਰਕੇ ਗੁਰੂ ਮਹਾਰਾਜ ਜੀ ਨੇ ਸਾਨੂੰ ਬੇਜ਼ੁਬਾਨ ਜੀਵਾਂ ਤੇ ਦਇਆ ਕਰਨ ਦਾ ਉਪਦੇਸ਼ ਦਿਤਾ ਹੈ। ਜਿਸ ਤਰ੍ਹਾਂ ਨਾਲ ਸਾਡੇ ਸਰੀਰ ਤੇ ਕੋਈ ਚੋਟ ਮਾਰੇ ਸਾਨੂੰ ਦਰਦ ਮਹਿਸੂਸ ਹੁੰਦਾ ਹੈ ਇਸੇ ਤਰ੍ਹਾਂ ਹੋਰ ਜਾਨਵਰ, ਪਸ਼ੂ, ਪੰਛੀ ਤੇ ਹੋਰ ਅਨੇਕਾਂ ਜੀਵ ਵੀ ਪੀੜਾ ਮਹਿਸੂਸ ਕਰਦੇ ਹਨ ਅਤੇ ਕੀਤੀ ਗਈ ਦਇਆ ਦਾ ਧੰਨਵਾਦ ਵੀ ਕਰਦੇ ਹਨ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਅੰਗ- ੧੩੬

ਇਸ ਪ੍ਰਥਾਇ ਮਹਾਂਪੁਰਸ਼ ਇਕ ਆਜੜੀ ਸਬਕਤਗੀਨ ਦੀ ਸਾਖੀ ਸੁਣਾਇਆ ਕਰਦੇ ਸਨ। ਇਹ ਗਜ਼ਨੀ ਦੇ ਰਹਿਣ ਵਾਲਾ ਸੀ ਤੇ ਭੇਡਾਂ-ਬੱਕਰੀਆਂ ਚਾਰਿਆ ਕਰਦਾ ਸੀ। ਇਕ ਦਿਨ ਜੰਗਲ ਵਿਚ ਇਸ ਨੇ ਹਿਰਨਾਂ ਦੀ ਡਾਰ ਦੇਖੀ ਤੇ ਉਸ ਡਾਰ ਨਾਲੋਂ ਹਿਰਨੀ ਦਾ ਛੋਟਾ ਬੱਚਾ ਵਿਛੜ ਗਿਆ। ਸੁਬਕਤਗੀਨ

(ਬਾਕੀ ਪੰਨਾ 55 'ਤੇ)

ਈਸ਼੍ਵਰ ਅਮੋਲਕ ਲਾਲ
(ਭਾਗ ਦੂਜਾ)
ਈਸ਼ਵਰ ਹਰੀ ਅਤੇ ਹਰੀ ਈਸ਼ਵਰ

9. ਸਤਿਨਾਮੁ ਸ੍ਰੀ ਵਾਹਿਗੁਰੂ

ਚਹੁ ਜੁਗਾ ਕਾ ਹੁਣਿ ਨਿਬੇੜਾ
ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ
ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ
ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ ਅੰਗ - ੭੯੭

ਸੁਖਮਨੀ ਸਾਹਿਬ ਕਾ ਏਕ ਪਾਠ ਕੀਏ ਸੇ ਆਠ ਪਹਿਰ ਕੇ ਸਾਂਸ ਸਫਲ ਹੋ ਜਾਤੇ ਹੈਂ ਔਰ ਦੋ ਪਾਠ ਰੋਜ਼ਾਨਾ ਕਰਨੇ ਸੇ ਏਕ ਮਹੀਨੇ ਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਪਾਠ ਕਾ ਫਲ ਹੋਤਾ ਹੈ। ਪਾਠ ਪਿਆਰ ਸੇ ਔਰ ਸਮਝ ਕਰ ਕਰਨਾ ਚਾਹੀਏ ਤਾਂ ਕਿ ਮਨ ਕੀ ਇਕਾਗਰਤਾ ਜਲਦੀ ਹੋ ਜਾਵੇ। ਸ੍ਰੀ ਜਪੁਜੀ ਸਾਹਿਬ ਕਾ ਪਾਠ ਬਹੁਤ ਹੀ ਅੱਛਾ ਹੈ। ਸਮਝ ਕਰ ਔਰ ਇਕਾਗਰ ਚਿੱਤ ਸੇ ਔਰ ਸ਼ੁੱਧ ਪਾਠ ਕਰਨੇ ਸੇ ਗੁਰੂ ਕੀ ਅਜ਼ਹਦ ਖੁਸ਼ੀ ਹੋਤੀ ਹੈ ਔਰ ਦਸ ਪਾਠ ਰੋਜ਼ ਕਰਨੇ ਸੇ ਏਕ ਮਾਹ ਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਪਾਠ ਕਾ ਮਹਾਤਮ ਹੈ।

